# ਕੀ ਤੈਨੂੰ ਪਤੈ....?

ਕਾਵਿ ਸੰਗ੍ਰਹਿ

# ਕੀ ਤੈਨੂੰ ਪਤੈ....?

(ਕਾਵਿ ਸੰਗ੍ਰਹਿ)

**ਰਵੀ ਰਵਿੰਦਰ**

**ki Tanu Pata**

*By*

**Ravi Ravinder**
H. No. 1346, Urban Estate
Phase-1, Dugri Road, Ludhiana
Mob: 99889-98303
E-mail : ravideep1971@rediffmail.com
ravideep1346@yahoo.co.in
www.jassitreasure.com

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



# ਸਮਰਪਣ

ਪਿਤਾ ਸ. ਲਖਵੀਰ ਸਿੰਘ ਜੱਸੀ
ਤੇ
ਮਾਤਾ ਸਰਦਾਰਨੀ ਅਵਤਾਰ ਕੌਰ ਦੇ ਨਾਂਅ

## ਤਤਕਰਾ


- ਧੰਨਵਾਦੀ ਹਾਂ 9
- ਸੱਚੋ ਸੱਚ 11
- ਨਾਅਰੇ 13
- ਜ਼ਾਲਮਾ 15
- ਬੇ-ਵਸੀ 16
- ਸ਼ਮਸ਼ੇਰ ਰਾਏ ਦੇ ਨਾਂਅ 18
- ਵੱਡੀ ਕੈਦ 19
- ਦੋਸਤੋ 22
- ਮਤਰੇਈ ਮਾਂ 23
- ਜਾਗੋ ਦੋਸਤੋ 24
- ਅੰਦਰੋਂ ਬੁਰੇ ਹਾਂ 26
- ਅਧੂਰੀਆਂ ਆਸਾਂ 27
- ਰਿਹਾ ਕੁਝ ਨਾ ਬਾਕੀ 28
- ਬੇਗਾਨੇ ਹੋ ਗਏ 30
- ਸਮੇਂ ਦੀ ਪੌਣ 31
- ਸੱਚਾ ਸਾਥੀ 32
- ਸ਼ਹਿਰੀ ਦੁਨੀਆ ਦੇ ਲੋਕ 33
- ਕਾਸ਼! 34
- ਦੇਖੀਂ ਧੀਏ 35
- ਦੇਖ ਪੁੱਤ 36
- ਸਭਿਆਚਾਰ ਦਾ ਰਾਖਾ 37
- ਮੈਨੂੰ ਯਕੀਨ ਹੈ 39
- ਫ਼ਖ਼ਰ 40
- ਪ੍ਰੇਰਣਾ 41
- ਜਦੋਂ ਸਾਡਾ ਪਿਆਰ ਹੋਇਆ 42
- ਮੈਂ ਨਾ ਕਹਾਂਗਾ 43





- ਉਹ ਬੋਲਦੇ ਝੂਠ ਗਏ 44
- ਦੁਸ਼ਮਣਾਂ ਤੋਂ ਖ਼ਤਰਾ ਨਹੀਂ 45
- ਪਤਝੜ 46
- ਹਵਾਏ ਨੀ 47
- ਬਾਲ ਕੇ ਚਿਰਾਗ਼ 48
- ਉਲਟਾ ਜਵਾਬ 49
- ਮੇਰੀ ਖ਼ਾਹਿਸ਼ 50
- ਸੁੱਤੀ ਨਾ ਰਹਿ ਜਾਈਂ 51
- ਰੱਖੇ ਨੇ ਬੂਹੇ ਢੋਅ 53
- ਉਡੀਕ 54
- ਇਲਜ਼ਾਮ 55
- ਦੱਸਣਾ ਚਾਹੁੰਦਾ ਹਾਂ 56
- ਮੈਂ ਰੋਵਾਂ ਬੈਠ ਇਕੱਲੀ 57
- ਸ਼ਿਕਵਾ ਤਾਂ ਮੈਨੂੰ ਹੈ 58
- ਕਰ ਖੁਆਰ ਗਈ 59
- ਚੁੱਪ ਦਾ ਜ਼ਿੰਦਰਾ 60
- ਖ਼ੁਸ਼ਬੂ ਮਰਦੀ ਨਹੀਂ 61
- ਇਹ ਆਸ ਨਹੀਂ ਸੀ 62
- ਹੌਲ਼ੀ-ਹੌਲ਼ੀ 63
- ਅੰਮ੍ਰਿਤ ਘੋਲ ਲਵਾਂ 64
- ਤੇਰਾ ਰਾਹ ਤੱਕੀਏ... 65
- ਗੁੰਮ ਗਈ 66
- ਗਲੋਟੇ ਪੀੜਾਂ ਦੇ 67
- ਮਾੜਾ ਵਕਤ 68
- ਹੋਸ਼ ਕਰੋ 69
- ਵਿਚਾਰੀ ਧਰਤੀ 70

- ਲਾਪ੍ਰਵਾਹ ਤਿਤਲੀ 71
- ਫੁੱਲ ਵਿਚਾਰਾ ਕੀ ਕਰੇ 72
- ਚੈਨ ਨਾ ਆਵੇ 73
- ਅੰਦਰੋਂ ਬਾਹਰੋਂ 74
- ਵੇਖ ਲੈ 75
- ਕੀ ਕਰਦੇ ਓ ਜਨਾਬ 76
- ਉਨ੍ਹਾਂ ਦਾ ਹਾਲ 77
- ਯਾਦ ਕਰੀਦੇ 78
- ਦੇਖਿਆ ਰੱਬ ਆਉਂਦਾ 79
- ਲਿਖ 80
- ਕਿਨਾਰਾ ਕਰ ਜਾਵਾਂਗਾ 81
- ਕਾਲਿਆਂ ਤੋਂ ਚਿੱਟੇ 82
- ਸਮੁੰਦਰਾਂ ਦਾ ਪਾਣੀ 83
- ਕੋਸ਼ਿਸ਼ ਕਰ ਰਹੇ ਹਾਂ 84
- ਪਰਛਾਵਿਆਂ ਤੋਂ 85
- ਜੰਮਣੋਂ ਡਰਦਾ ਹਾਂ 86
- ਚੱਲੇ ਠੱਕਾ 88
- ਦੁੱਖ ਹੋਇਆ 89
- ਵਿਦਰੋਹੀ 90
- ਕਹਿਰ





## ਧੰਨਵਾਦੀ ਹਾਂ

ਆਪਣੇ ਬਹੁਤ ਸਤਿਕਾਰਯੋਗ ਸਵਰਗੀ ਪਿਤਾ ਸ੍ਰ. ਲਖਵੀਰ ਸਿੰਘ ਜੱਸੀ ਅਤੇ ਮਾਤਾ ਸਰਦਾਰਨੀ ਅਵਤਾਰ ਕੌਰ ਦਾ ਜਿਨ੍ਹਾਂ ਦੀ ਬਦੌਲਤ ਮੈਨੂੰ ਸੱਚ ਅਤੇ ਝੂਠ ਦੇ ਫ਼ਰਕ ਦਾ ਪਤਾ ਲੱਗਿਆ।

ਧੰਨਵਾਦੀ ਹਾਂ ਵਿਦਵਾਨ ਲੇਖਕ ਡਾ. ਆਤਮ ਹਮਰਾਹੀ ਜੀ ਦਾ ਜਿਨ੍ਹਾਂ ਨੇ ਮੁਢਲੇ ਵਕਤ ਮੇਰੀ ਪਿੱਠ ਥਾਪੜੀ।

ਧੰਨਵਾਦ ਕਰਦਾ ਹਾਂ ਪ੍ਰਿ. ਮੁਹਿੰਦਰਦੀਪ ਗਰੇਵਾਲ ਜੀ ਦਾ ਜਿਨ੍ਹਾਂ ਦੇ ਕੋਲ ਬਹਿਕੇ ਕਵਿਤਾ ਦੀਆਂ ਬਰੀਕੀਆਂ ਨੂੰ ਸਮਝਿਆ।

ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਬਾਪੂ ਸ. ਜਗਦੇਵ ਸਿੰਘ ਜੱਸੋਵਾਲ ਦਾ ਜੋ ਮੇਰੀ ਹਮੇਸ਼ਾ ਪਿੱਠ ਥਾਪੜਦੇ ਹਨ।

ਮੈਂ ਧੰਨਵਾਦੀ ਹਾਂ ਸ. ਸ਼ਮਸ਼ੇਰ ਸਿੰਘ ਰਾਏ ਜੀ ਦਾ (ਪੰਜਾਬ ਰੇਡੀਓ ਲੰਡਨ) ਬਲਦੇਵ ਸਿੰਘ ਬਾਜਵਾ, ਮੋਤਾ ਸਿੰਘ ਸਰਾਏ (ਯੂਰਪ ਸੱਥ), ਪ੍ਰਿਤਪਾਲ ਉਦਾਸੀ ਜੀ, ਜਨਮੇਜਾ ਜੌਹਲ।

ਮੀਡੀਆ ਪੰਜਾਬ ਜਰਮਨ ਸ. ਮਨਜੀਤ ਸਿੰਘ ਰੰਧਾਵਾ (ਪ੍ਰਤੀਨਿਧ) ਪੰਜਾਬ ਰੇਡੀਓ ਲੰਡਨ (ਪੰਜਾਬ) ਜਿਨ੍ਹਾਂ ਦੀ ਬਦੌਲਤ ਮੈਨੂੰ ਦੇਸ਼ਾਂ ਵਿਦੇਸ਼ਾਂ ਵਿਚ ਪਹਿਚਾਣ ਮਿਲੀ।

ਧੰਨਵਾਦੀ ਹਾਂ ਲੋਕ ਕਵੀ ਸੰਤ ਰਾਮ ਉਦਾਸੀ ਸਭਾ ਦੇ ਸੁਹਿਰਦ ਮੈਂਬਰਾਂ ਦਾ ਪਰਮਜੀਤ ਬਰਸ਼ਾਲ, ਗ਼ਜ਼ਲਗੋ ਤ੍ਰਿਲੋਚਨ ਲੋਚੀ, ਰੁਪਿੰਦਰ ਸਿੰਘ, ਸ. ਪ੍ਰੀਤਮ ਪੰਧੇਰ, ਗੁਰਚਰਨ ਕੋਚਰ, ਪਰਮਜੀਤ ਮਹਿਕ, ਕੁਲਵਿੰਦਰ ਧੀਮਾਨ, ਜਨਾਬ ਕੇਹਰ ਸਰੀਫ਼।

ਇੰਜੀ : ਸੁਰਜਨ ਸਿੰਘ, ਸ. ਕਰਮਜੀਤ ਔਜਲਾ (ਪ੍ਰਧਾਨ ਸਿਰਜਣਧਾਰਾ) ਸ. ਗੁਰਭਜਨ ਗਿੱਲ (ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ) ਪ੍ਰੋ. ਨਿਰਮਲ ਜੌੜਾ, ਮੋਤਾ ਸਿੰਘ, ਰਾਵਿੰਦਰ ਦੀਵਾਨਾ, ਗੁਰਬਚਨ ਲਾਡਪੁਰੀ, ਸੁਖਵਿੰਦਰ ਲਾਡਪੁਰੀ, ਹਰਭਜਨ ਧਰਨਾ, ਹਰਬੰਸ ਮਾਲਵਾ, ਜਗਛਰਨ ਛੀਨਾ, ਦਲਵੀਰ ਲੁਧਿਆਣਵੀ, ਮਨਜਿੰਦਰ ਧਨੋਆ, ਗੁਲਜਾਰ ਪੰਧੇਰ, ਅਮਰਜੀਤ ਸ਼ੇਰਪੁਰੀ, ਬਲਦੇਵ ਸਿੰਘ ਬਾਜਵਾ, ਗੁਰਦੀਸ਼ ਕੌਰ ਬਾਜਵਾ ਮੀਡੀਆ (ਪੰਜਾਬ ਜਰਮਨ), ਕੁਲਵੰਤ ਕੌਰ ਚੰਨ ਕਵਿਤਰੀ, ਪ੍ਰਗਟ

ਸਿੰਘ ਗਰੇਵਾਲ, ਮਾਸਟਰ ਸਾਧੂ ਸਿੰਘ, ਸੰਦੀਪ ਰੁਪਾਲੋ, ਸ. ਦਰਬਾਰਾ ਤੁਰਮਰੀ, ਸ. ਹਰਭਗਤ ਸਿੰਘ ਤੁਰਮਰੀ, ਸੰਤ ਬਾਬਾ ਜਸਵੀਰ ਸਿੰਘ ਖਾਲਸਾ ਜੀ।

ਆਪਣੀ ਜੀਵਨ ਸਾਥਣ ਜਗਦੀਪ ਕੌਰ, ਛੋਟਾ ਵੀਰ ਹਰਨੇਕ ਜੱਸੀ, ਰਮਿੰਦਰ ਕੌਰ, ਦਲਵੀਰ ਸਿੰਘ ਸੰਧੂ, ਅਮਨ ਸੰਧੂ, ਸ. ਅਵਤਾਰ ਸਿੰਘ ਸੰਧੂ, ਮਾਤਾ ਮਹਿੰਦਰ ਕੌਰ ਸੰਧੂ, ਪਰਨਵ ਜੱਸੀ, ਦਿਵਜੋਤ ਜੱਸੀ, ਮਿਸਿਜ ਪ੍ਰੀਤ ਕੌਰ, ਤੰਨੂ ਦਾ ਜਿਹੜੇ ਮੇਰੀਆਂ ਲਿਖਤਾਂ ਦੇ ਸਭ ਤੋਂ ਪਹਿਲੇ ਪਾਠਕ ਹਨ।

ਮੈਂ ਧੰਨਵਾਦੀ ਹਾਂ ਆਪਣੇ ਛੋਟੇ ਵੀਰ ਅਲੀ ਰਾਜਪੁਰਾ ਦਾ ਜਿਸਦੀ ਕੋਸ਼ਿਸ਼ ਅਤੇ ਅਣਥੱਕ ਮਿਹਨਤ ਸਦਕਾ ਮੈਂ ਆਪਣੀ ਭਾਵਨਾ ਦੀ ਉਡਾਰੀ ਨੂੰ ਕਿਤਾਬੀ ਰੂਪ ਦੇ ਕੇ ਤੁਹਾਡੇ ਤੱਕ ਪੁਜਦਾ ਕਰ ਸਕਿਆ ਹਾਂ।



# ਸੱਚੋ ਸੱਚ

ਜੇ ਗੱਲ ਪਿਛੇਤਰ ਦੀ ਕਰਾਂ ਤਾਂ ਕਈ ਅਰਸੇ ਪਹਿਲਾਂ ਜਦੋਂ ਸੁਰਤ ਦੀ ਦੇਹਲੀ ਪੈਰ ਧਰਿਆ ਇਕ (ਹਾਦਸਾ ਇਹੋ ਜਿਹਾ ਵਾਪਰਿਆ) ਘਟਨਾ ਇਹੋ ਜਿਹੀ ਘਟੀ ਮਜਬੂਰਨ ਆਪ ਮੁਹਾਰੇ ਹੀ ਕੋਰੇ ਕਾਗਜ਼ਾਂ ਤੇ ਅੱਖਰ ਝਰੀਟੇ ਜਾਣ ਲੱਗੇ ਜੋ ਕਿ ਮੇਰੀ ਸੰਤੁਸ਼ਟੀ ਮੇਰੀ ਰਾਹਤ ਦਾ ਇਕ ਕੰਢਾ ਸਨ। ਉਨ੍ਹਾਂ ਦਿਨਾਂ ਹੀ ਸਾਹਿਤ ਪੜ੍ਹਨ ਤੇ ਸਾਹਿਤ ਰਚਨ ਵਾਲਿਆਂ ਨੂੰ ਜਾਨਣ ਦੀ ਇੱਛਾ ਮਨ ਵਿਚ ਜਨਮ ਗਈ ਸੀ ਜਿਸ ਕਿਸੇ ਦੇ ਲਿਖਣ ਦਾ ਪਤਾ ਲਗਦਾ ਤਾਂ ਉਹ ਮਨ ਨੂੰ ਮੱਲੋਜ਼ੋਰੀ ਭਾਅ ਜਾਂਦਾ।

ਉਨ੍ਹੀਂ ਦਿਨੀਂ ਲੋਕਾਂ ਦੇ ਮੂੰਹੋਂ ਵਿਦਵਾਨ ਲੇਖਕ ਡਾ. ਆਤਮ ਹਮਰਾਹੀ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਚਰਨੀ ਜਾ ਪਹੁੰਚਿਆ। ਜੋ ਕਿ ਸਾਡੇ ਹੀ ਗੁਆਂਢ ਵਿਚ ਰਹਿੰਦੇ ਸਨ। ਵੇਲੇ ਕੁਵੇਲੇ ਉਨ੍ਹਾਂ ਦੀ ਸੰਗਤ ਮਾਣਨ ਲੱਗਿਆ। ਉਨ੍ਹਾਂ ਦੀ ਸੰਗਤ ਨੇ ਮੇਰੀ ਸੋਚ ਨੂੰ ਇਕ ਨਵੀਂ ਰੰਗਤ ਦਿੱਤੀ ਅਤੇ ਮਨ ਅੰਦਰ ਹੋਰ ਉਤਸ਼ਾਹ ਭਰ ਦਿੱਤਾ ਜਿਸ ਨਾਲ ਨਿਰੰਤਰ ਲਿਖਣ ਲਈ ਆਪਣੇ ਮਨ ਨੂੰ ਰਾਜ਼ੀ ਕੀਤਾ ਪਰ ਸਮੇਂ ਤੇ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਦੁਨਿਆਵੀ ਰੁਝੇਵਿਆਂ ਤੇ ਪਰਿਵਾਰਕ ਜ਼ਿੰਦਗੀ ਨੇ ਮੇਰੀ ਕਲਮ ਨੂੰ ਨਾਗ ਕੁੰਡਲੀ ਮਾਰ ਲਈ ਤੇ ਕੁਝ ਸਮੇਂ ਲਈ ਲਿਖਣ ਵਿਚ ਖੜੋਤ ਪੈ ਗਈ, ਕੁਦਰਤੀ ਇਕ ਦਿਨ ਇਕ ਮਹਿਫਲ ਵਿਚ ਸੁਣਾਉਂਦਿਆਂ ਨੂੰ ਸੁਣ ਕੁਝ ਸੁਣਾਉਣ ਨੂੰ ਦਿਲ ਕੀਤਾ, ਪਰ ਚਿੱਤ ਚੇਤੇ 'ਚੋਂ ਵਿਸਰੇ ਸਭ ਕਾਸੇ ਨੇ ਮਨ ਨੂੰ ਝੰਜੋੜਿਆ। ਮੁੜ ਫਿਰ ਹੱਥਾਂ ਦੇ ਵਿਚ ਕਲਮ ਆ ਥੰਮੀ ਅਤੇ ਪੂਰੇ ਜੋਸ਼ ਤੇ ਹੋਸ਼ ਨਾਲ ਮੈਂ ਕਲਮ ਵਾਹੁਣ ਲੱਗਿਆ।

ਸਬੱਬੀ ਇਕ ਦਿਨ ਇੰਗਲੈਂਡ ਤੋਂ ਚਲਦੇ ਪੰਜਾਬ ਰੇਡੀਓ ਤੇ ਆਪਣੇ ਦਿਲ ਦੀ ਗੱਲ ਕਹਿਣ ਦਾ ਮੌਕਾ ਮਿਲਿਆ ਤਾਂ ਸਰੋਤਿਆਂ ਨੇ, ਮੈਨੂੰ ਕਾਫ਼ੀ ਉਤਸ਼ਾਹਿਤ ਕੀਤਾ। ਜਿਸ ਨਾਲ ਮੇਰੀ ਨਿਰੰਤਰਤਾ ਹੋਰ ਮਜ਼ਬੂਤ ਹੋ ਗਈ ਅਤੇ ਮੇਰੀ ਜਾਣ-ਪਛਾਣ ਦਾ ਦਾਇਰਾ ਹੋਰ ਖੁੱਲ੍ਹਿਆ। ਪੰਜਾਬ ਦੇ ਨਾਲ-ਨਾਲ ਵਿਦੇਸ਼ੀ ਸਾਂਝਾਂ ਵੀ ਪੱਕੀਆਂ ਹੋਈਆਂ।

ਸਾਹਿਤ ਪੜ੍ਹਦਿਆਂ-ਪੜ੍ਹਦਿਆਂ ਇਨਕਲਾਬੀ ਸ਼ਾਇਰ ਪਾਸ਼ ਤੇ ਸੰਤ ਰਾਮ ਉਦਾਸੀ ਦੀ ਸ਼ਖ਼ਸੀਅਤ ਕਾਫ਼ੀ ਟੁੰਭੀ ਅਤੇ ਅਸੀਂ ਕੁਝ ਸਾਹਿਤ ਦੀ ਮੱਸ ਰੱਖਣ ਵਾਲੇ ਸਾਥੀਆਂ ਨੇ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਲਿਖਾਰੀ ਸਭਾ ਦਾ ਗਠਨ ਕੀਤਾ। ਜਿਸ ਲਈ ਮੈਨੂੰ ਪ੍ਰਸਿੱਧ ਗ਼ਜ਼ਲਗੋ ਸ. ਮੁਹਿੰਦਰ ਦੀਪ ਗਰੇਵਾਲ ਜੀ ਨੇ ਕਾਫ਼ੀ ਪ੍ਰੇਰਿਤ ਕੀਤਾ।

ਉਂਝ ਜੇ ਸਾਹਿਤ ਕਲਾ ਦੀ ਗੱਲ ਕਰੀਏ ਤਾਂ ਸਾਹਿਤ ਇਕ ਡੂੰਘਾ ਦੂਰ ਤੱਕ ਪਸਰਿਆ ਹੋਇਆ ਸਮੁੰਦਰ ਹੈ, ਜਿਸ ਨੂੰ ਇਸ ਜਨਮ ਵਿਚ ਸਰ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਮੇਰੇ ਅਨੁਸਾਰ ਮਨੁੱਖ ਨੂੰ ਨਿੱਕੀਆਂ-ਨਿੱਕੀਆਂ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ ਤੇ ਇਹ ਨਿੱਕੀਆਂ ਕੋਸ਼ਿਸ਼ਾਂ ਹੀ ਬੰਦੇ ਨੂੰ ਤਜਰਬੇਕਾਰ ਬਣਾਉਂਦੀਆਂ ਹਨ। ਮੈਂ ਖ਼ੁਦ ਆਪਣੇ-ਆਪ ਨੂੰ ਕਵੀ ਜਾਂ ਗ਼ਜ਼ਲਗੋ ਨਹੀਂ ਮੰਨਦਾ ਕਿਉਂਕਿ ਮੇਰੀਆਂ ਇਹ ਲਿਖਤਾਂ ਮੇਰੇ ਮਨ ਦੇ ਵਲਵਲੇ ਵਿਸ਼ਾ ਵਿਉਂਤਬੰਦੀ ਕੀਤੀਆਂ ਗੱਲਾਂ ਜੋ ਮੇਰੇ ਅਤੇ ਸਮਾਜ ਦੁਆਲੇ ਪਰਿਕਰਮਾ ਕਰਦੀਆਂ ਹਨ। ਇਨ੍ਹਾਂ ਲਿਖਤਾਂ ਵਿਚ ਮੈਂ ਆਪਣੇ ਦਿਲ ਦੀ ਗੱਲ ਕਹਿ ਕੇ ਖ਼ੁਦ ਨੂੰ ਹੌਲ਼ਾ ਹੋਇਆ ਮਹਿਸੂਸ ਕਰ ਰਿਹਾ ਹਾਂ।

ਭਾਵੇਂ ਮੈਂ ਕਈ ਅਰਸਿਆਂ ਤੋਂ ਕਲਮ ਵਾਹ ਰਿਹਾ ਹਾਂ ਪਰ ਅਜੇ ਵੀ ਵਿਦਵਾਨਾਂ ਦੀ ਅੱਖਾਂ 'ਚੋਂ ਵਿਦਵਤਾ ਪੱਖੋਂ ਰੜਕਣਗੀਆਂ। ਮੈਂ ਭਵਿੱਖ ਵਿਚ ਆਸ ਕਰਦਾ ਹਾਂ ਕਿ ਮੇਰੀ ਕਲਮ ਮਜ਼ਬੂਤ ਹੋਵੇ, ਮੇਰੀਆਂ ਲਿਖਤਾਂ 'ਚੋਂ ਸੋਚ ਅਤੇ ਸਾਹਿਤ ਦੀ ਮਹਿਕ ਆਵੇ। ਮੈਨੂੰ ਆਸ ਹੈ ਇਸ ਹਥਲੀ ਪੁਸਤਕ ਨੂੰ ਪੜ੍ਹਨ ਵਾਲਿਆਂ ਤੋਂ ਕਹਿ ਉਹ ਆਪਣੀ ਬੁੱਧੀ ਅਨੁਸਾਰ ਰਾਇ ਦੇਣਗੇ ਅਤੇ ਮੇਰੀਆਂ 'ਘਾਟਾਂ-ਵਾਧਾਂ' ਤੋਂ ਜਾਣੂ ਕਰਵਾਉਣਗੇ।

ਧੰਨਵਾਦ।

***-ਰਵੀ ਰਵਿੰਦਰ***



## ਨਾਅਰੇ

ਕਿੱਥੇ ਗਏ ਉਹ ਨਾਅਰੇ ਜ਼ਿੰਦਾਬਾਦ ਦੇ,
ਆਖ਼ੀਰ ਕਿੱਥੇ ਗਏ ਨਾਅਰੇ ਬੰਦੇ ਮਾਤਰਮ ਦੇ
ਕਿੱਥੇ ਗਏ ਉਹ ਫ਼ੌਜੀ ਆਜ਼ਾਦ ਹਿੰਦ ਫ਼ੌਜ ਦੇ
ਲਗਦਾ ਗੁਆਚ ਗਏ ਨੇ
ਬਣ ਇਤਿਹਾਸ ਕਿਤਾਬਾਂ ਦੇ ਪੰਨਿਆਂ ਵਿਚ
ਸਜਾਵਟੀ ਤਸਵੀਰਾਂ ਬਣ, ਰਹਿ ਗਈਆਂ
ਲੱਗਣ ਲਈ ਕਾਰਾਂ, ਜੀਪਾਂ,
ਮੋਟਰ ਸਾਈਕਲਾਂ, ਟੀ ਸ਼ਰਟਾਂ ਤੇ
ਕਰਤਾਰ, ਸਰਾਭੇ ਊਧਮ ਵਰਗੇ
ਜਾਂਬਾਜ਼ਾਂ ਦੀਆਂ ਤਸਵੀਰਾਂ
ਅਦ੍ਰਿਸ਼ ਜਾਲ ਹੈ ਵਿਛਾਇਆ
ਸਾਡਿਆਂ ਨੇ ਹੀ ਸਾਡੇ ਲਈ
ਫਸ ਰਹੇ ਅਸੀਂ ਪੰਜਾਬੀ,
ਇਨ੍ਹਾਂ ਦੇ ਚੋਗੇ ਵਿਚ
ਗੁਰੂ ਗੋਬਿੰਦ ਦੇ ਚਿੜੀਆਂ ਤੋਂ ਬਣਾਏ ਬਾਜ਼
ਫਿਰ ਬਣ ਰਹੇ ਨੇ ਚਿੜੀਆਂ ਘੁੱਗੀਆਂ, ਕਬੂਤਰ
ਬੈਠੇ ਨੇ ਸ਼ਹਿ ਲਾਈ ਦਿੱਲੀ ਦੇ ਹੁਸ਼ਿਆਰੀ
ਨਾਗਪੁਰ ਦੇ ਵਿਉਪਾਰੀ,
ਅੱਖਾਂ ਮੀਟੀ ਅਸੀਂ ਬਣਦੇ ਜਾ ਰਹੇ ਹਾਂ
ਇਸ ਦੇ ਖ਼ੂਨੀ ਪੰਜਿਆਂ ਦੇ ਸ਼ਿਕਾਰ
ਏਥੇ ਹੀ ਬੱਸ ਨਹੀਂ ਅਸੀਂ ਨਿੱਘਰਦੇ ਜਾ ਰਹੇ ਹਾਂ
ਸੰਸਕਾਰਾਂ ਵੱਲੋਂ ਰਿਸ਼ਤਿਆਂ ਵੱਲੋਂ
ਬਣਦੇ ਜਾ ਰਹੇ ਹਾਂ ਘੋਨ ਮੋਨ
ਤੇ ਫਸਦੇ ਜਾ ਰਹੇ ਹਾਂ
ਇਨ੍ਹਾਂ ਦੀਆਂ ਲੂੰਬੜ ਚਾਲਾਂ ਵਿਚ
ਦੋਸਤੋ ਜੇ ਚਲਦਾ ਰਿਹਾ ਇਸ ਤਰ੍ਹਾਂ
ਉਹ ਦਿਨ ਦੂਰ ਨਹੀਂ
ਹੋ ਜਾਵਾਂਗੇ ਇਨ੍ਹਾਂ ਦੀ ਸੋਚ ਦੇ ਗੁਲਾਮ

ਇਨ੍ਹਾਂ ਦੀ ਬੋਲੀ ਦੇ ਗੁਲਾਮ
ਹੋ ਜਾਣਗੇ ਇਹ ਕਾਮਯਾਬ
ਆਪਣੀਆਂ ਲੂੰਬੜ ਚਾਲਾਂ ਵਿਚ
ਜੋ ਇਹ ਧੁਰ ਤੋਂ ਚਲਦੇ ਆਏ ਹਨ ਸਾਡੇ ਨਾਲ
ਦੋਸਤੋ ਉੱਠੋ ਵੀਰੋ ਜਾਗੋ
ਇਸ ਤੋਂ ਪਹਿਲਾਂ ਕੋਈ ਇੱਦਾਂ ਦੀ ਅਣਹੋਣੀ ਵਰਤੇ
ਆਉ ਹੋਈਏ ਕੱਠੇ,
ਬਚਾਈਏ ਆਪਾਂ ਬਚਾਈਏ ਮਾਂ ਬੋਲੀ
ਬਚਾਈਏ ਇੱਜ਼ਤਾਂ
ਜੇ ਖੜ੍ਹੇ ਵਹਿੰਦੇ ਰਹੇ
ਹੋ ਜਾਵਾਂਗੇ ਆਪਾਂ
ਆਪਣੇ ਦੇਸ਼ ਵਿਚ ਪੂਰੀ ਤਰ੍ਹਾਂ ਗੁਲਾਮ
ਸ਼ਾਇਦ ਫੇਰ ਸਾਨੂੰ ਚੇਤੇ ਆਏ,
ਸਰਾਭੇ ਦੀ ਕੁਰਬਾਨੀ
ਉਹ ਭਗਤ ਦੀ ਲਲਕਾਰ,
ਊਧਮ ਦੀ ਬਹਾਦਰੀ
ਤੇ ਯਾਦ ਆਏ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ
ਇਨਕਲਾਬ ਜ਼ਿੰਦਾਬਾਦ ਦਾ ਨਾਅਰਾ
✪



## ਜ਼ਾਲਮਾ

ਲਾ ਲੈ ਜ਼ੋਰ ਸਾਰਾ ਕਰ ਲੈ ਆਖ਼ੀਰ ਜ਼ਾਲਮਾ,
ਅਸੀਂ ਮੁੜ ਖੜ੍ਹੇ ਹੋਵਾਂਗੇ ਆਖ਼ੀਰ ਜ਼ਾਲਮਾ,

ਕਣ-ਕਣ ਵਿਚ ਸਾਡੇ ਹੈ ਬਾਰੂਦ ਭਰਿਆ,
ਜਿਹੜਾ ਹਾਲ ਦੀ ਘੜੀ ਤੂੰ ਮਿੱਟੀ ਕਰਿਆ,
ਨਹੀਂ ਮਿਟਣਾ ਗਵਾਹ ਹੈ ਤਾਰੀਖ ਜ਼ਾਲਮਾ,

ਤੂੰ ਸ਼ਾਤਰ ਦਿਮਾਗ ਅਸੀਂ ਖਾ ਗਏ ਏਥੇ ਮਾਤ,
ਪਾਈ ਬੈਠੇ ਅੱਖਾਂ ਵਿਚ ਅੱਖਾਂ ਤੂੰ ਲਾਈ ਜੜ੍ਹੀ ਘਾਤ,
ਤੈਥੋਂ ਹੋਣੇ ਨਹੀਉਂ ਸਾਫ਼ ਅਸੀਂ ਜੰਡ ਤੇ ਕਰੀਰ ਜ਼ਾਲਮਾ,

ਜ਼ੋਰ ਦੌਲਤ ਦੇ ਨਾਲ ਕੀਤਾ ਭਾਈ-ਭਾਈ ਨਾਲੋਂ ਵੱਖ,
ਅਸੀਂ ਮੋੜਾਂਗੇ ਜ਼ਰੂਰ ਨਾਲ ਸੂਦ ਤਲੀ ਤੇ ਤੇਰੀ ਰੱਖ।
ਅੰਤ ਕਰਨਾ ਹੈ ਤੈਨੂੰ ਲੀਰੋ-ਲੀਰ ਜ਼ਾਲਮਾ,

ਜਿੱਥੇ ਬਣਤਾਂ ਬਣਾਵੇਂ ਸਾਨੂੰ ਪੂਰਾ ਹੈ ਗਿਆਨ,
ਕਹਿਣ ਨੂੰ ਹੈ ਭਾਵੇਂ ਉਦਾਂ ਦਿੱਲੀ ਬਦਨਾਮ,
ਜਿੱਥੇ ਮਰਜ਼ੀ ਤੂੰ ਲੁਕੀਂ ਤੈਨੂੰ ਲੱਭਾਂਗੇ ਆਖ਼ੀਰ ਜ਼ਾਲਮਾ,

ਤੂੰ ਕੱਟ ਪੋਰੀ-ਪੋਰੀ, ਸਾਨੂੰ ਦੇਗਾਂ ’ਚੋਂ ਉਬਾਲ,
ਸਾਡੇ ਠੰਢੇ ਖ਼ੂਨ ਵਿਚ ਆਉਣਾ ਤਾਹੀਉਂ ਹੀ ਉਬਾਲ,
ਫਿਰ ਲਾਹਾਂਗੇ ਗਾਟੇ ਤੇਰੇ ਵਾਂਗ ਮਤੀਰ ਜ਼ਾਲਮਾ।
✪

## ਬੇ-ਵਸੀ

ਇਕ ਕੈਦ 'ਚੋਂ ਨਿਕਲ ਦੂਜੀ ਵਿਚ ਆਣ ਫਸੀ,
ਇਹ ਕੈਸੀ ਮੈਂ ਰੱਬਾ! ਦਲਦਲ ਵਿਚ ਆਣ ਧਸੀ,

ਕੈਸਾ ਮਾਤਮ ਛਾਇਆ ਵੇਖ ਮੈਨੂੰ ਟੱਬਰ ਘਬਰਾਇਆ,
ਉਤਰੇ ਮੂੰਹ ਦੇਖ ਮਾਂ ਦਾਦੀ ਦੇ ਮੈਂ ਮਨ ਹੀ ਮਨ ਹਸੀ,

ਨਾ ਬੁਲਾਇਆ ਕਿਸੇ ਸਿੱਧੇ ਮੂੰਹ ਨਾ ਹੱਸ ਗੱਲ ਕਰੀ,
ਘਬਰਾਈ ਮੈਂ ਥੋੜ੍ਹਾ ਸੋਚਿਆ ਕਿਉਂ ਪਈ ਇਨ੍ਹਾਂ ਨੂੰ ਗਸ਼ੀ,

ਹੋ ਜਾਏਗਾ ਠੀਕ-ਠਾਕ ਆਪਣੇ ਹੀ ਆਪ,
ਪਰ ਦਿਨੋਂ-ਦਿਨ ਜਾਂਦੀ ਰਹੀ ਮੇਰੇ ਤੇ ਰੱਸੀ ਕਸੀ,

ਸਾਰੇ ਹੀ ਮਾਰਨ ਝਿੜਕਾਂ ਮਾਂ ਚੰਦਰੀ ਦੇਖਦੀ ਰਹੀ ਖੜ੍ਹੀ,
ਵੀਰੇ ਨੂੰ ਮਿਲਦਾ ਰਿਹਾ ਰੁਪਇਆ ਪੱਲੇ ਮੇਰੇ ਦਸੀ,

ਪੜ੍ਹਨੋਂ ਵੀ ਹਟਾ ਲਿਆ ਬਸ ਘਰੇ ਹੀ ਬਹਾ ਲਿਆ,
ਲੱਗ ਕੌਲ਼ਿਆਂ ਦੇ ਨਾਲ ਮੈਂ ਵਧ ਰੋਈ ਘਟ ਹਸੀ,

ਦਾਦੀ ਕਹੇ ਪਿਉ ਮੇਰੇ ਨੂੰ ਮੁਕਾਦੇ ਹੁਣ ਸਿਆਪਾ,
ਨਹੀਂ ਲਿਆਊਗੀ ਉਲਾਂਭੇ ਪਾਊ ਤੇਰੇ ਗਲ਼ ਰਸੀ,

ਲਾ ਦਿੱਤੀ ਮਹਿੰਦੀ ਮੈਂ ਰਹੀ ਕੁਰਲਾਉਂਦੀ,
ਉਹ ਲੋਕੋ ਮੈਂ ਤਾਂ ਬਚਪਨ ਦੀ ਹੱਸੀ ਵੀ ਨਹੀਂ ਹੱਸੀ,

ਇੱਕ 'ਚੋਂ ਦੂਜੀ, ਦੂਜੀ ਤੋਂ ਤੀਜੀ ਕੈਦ 'ਚ ਪਹੁੰਚੀ,
ਦੋ ਦਿਨ ਦਾ ਲਾਡ ਲਡਾ ਫਿਰ ਉਹੀ ਹਨੇਰੀ ਵਗੀ,

ਕੰਨ 'ਚ ਆਖ ਸੁਣਾਇਆ ਸੱਸ ਮੁੰਡਾ ਹੈ ਚਾਹੀਦਾ,
ਸੁਣ ਮਨ ਮੇਰੇ ਨੂੰ ਬੜੀ ਠੇਸ ਲਗੀ।



ਔਰਤ ਹੀ ਔਰਤ ਦੀ ਵੈਰੀ ਕਿਉਂ ਹੈ ਬਣੀ,
ਸੋਚ - ਸੋਚ ਮੇਰੀ ਰੂਹ ਥਾਂ - ਥਾਂ ਤੋਂ ਦਗੀ,

ਕੀਤਾ ਫ਼ੈਸਲਾ ਮਨ ਹੀ ਮਨ ਮੈਂ
ਜੇ ਹੋਈ ਧੀ ਜੰਮਾਂਗੀ ਸਾਰਿਆਂ ਨਾਲ ਕਰ ਠੱਗੀ,

ਪਾਲਾਂਗੀ ਪਲੋਸਾਂਗੀ ਰਹਿ ਕੇ ਇਕੱਲੀ,
ਸੁਣਾਵਾਂਗੀ ਕਿੱਦਾਂ ਸੀ ਮਾਈ ਭਾਗੋ ਦੁਸ਼ਮਣ ਤੇ ਵਰੀ,

ਅੱਬਲਾ ਨਹੀਂ ਬਣਾਵਾਂਗੀ ਬਹਾਦਰ,
ਜਿਹੜੀ ਜਾਵੇ ਨਾ ਫਿਰ ਕਿਸੇ ਤੋਂ ਠਗੀ,

ਡਟੀਆਂ ਸੀ ਜਿਵੇਂ ਦੁਸ਼ਮਣ ਸਾਹਵੇਂ ਮਾਈ ਭਾਗੋ ਰਾਣੀ ਜ਼ਿੰਦਾਂ,
ਕਿੱਦਾਂ ਸੀ ਗੰਗਾ ਲਹੂ ਦੀ ਵਗੀ।

✪

## ਸ਼ਮਸ਼ੇਰ ਰਾਏ ਦੇ ਨਾਂਅ

ਜਿਸ ਨੂੰ ਤੂੰ ਆਖਿਆ ਛੋਟਾ ਭਰਾ
ਮੈਨੂੰ ਤਾਂ ਉਹ ਕਿਸੇ ਪੱਖੋਂ,
ਮੂੰਹੋਂ ਬੋਲਿਆ ਜਾਂ ਅੰਮਾਂ ਜਾਇਆ
ਨਹੀਂ ਲੱਗਿਆ ਉਹ ਤੇਰਾ ਭਰਾ

ਮੇਰੀ ਨਿੱਕੀ ਜਿਹੀ ਮਿਲਣੀ ਨੇ
ਲਾਇਆ ਇਹੋ ਅੰਦਾਜ਼ ਹੈ
ਤੇਰੇ ਨਾਲੋਂ ਉਸ ਦੀ ਵੱਖਰੀ ਪਰਵਾਜ਼ ਹੈ

ਤੇਰੀ ਨਰਮੀ ਹੋਸ਼ ਭਰੀ ਹੈ ਆਵਾਜ਼
ਪਰ ਉਸ ਦੀ ਤਲਖੀ ਰੋਹ ਭਰੀ ਹੈ ਆਵਾਜ਼
ਉਸ ਦੀਆਂ ਸੋਚਾਂ ਤੇਰੀਆਂ ਸੋਚਾਂ ਵਿਚ ਹੈ
ਕੋਹਾਂ ਲੰਮਾ ਖਲਾਅ
ਆਉਂਦਾ ਨਹੀਂ ਨਜ਼ਰ ਕੋਈ ਬਿੰਦੂ
ਮੇਚੀਆਂ ਜਾਵਣ ਤੁਹਾਡੀ ਸੋਚਾਂ ਜਿਥੇ ਖਲਾ

ਗੱਲ-ਗੱਲ ਤੇ ਜਾਪਦਾ ਸੀ ਵੱਖਰਾਪਣ
ਨਾ ਲੱਗਿਆ ਕੋਈ ਮੈਨੂੰ ਉਸ ਵਿਚ ਆਪਣਾਪਣ
ਵੇਖ ਕੇ ਹੈਰਾਨ ਸਾਂ ਕਿੱਦਾਂ ਪਹਿਲੀ ਮੁਲਾਕਾਤੇ
ਤੇਰੀਆਂ ਸੋਚਾਂ ਤੇ ਫੈਲਾਇਆ ਸੀ ਆਪਣਾ ਫੰਨ

ਸ਼ਾਇਦ ਮੈਂ ਗ਼ਲਤ ਹੋਵਾਂ
ਜਿੰਨਾ ਕੁ ਮੈਂ ਤੁਹਾਨੂੰ ਹਾਂ ਪਹਿਚਾਣਦਾ
ਤੁਹਾਡੇ ਵਿਚ ਤਾਂ ਕੋਈ ਨਹੀਂ ਜ਼ਹਿਰੀਲਾ ਨਾਗ ਫੁੰਕਾਰਦਾ
ਪਰ ਉਹ ਤਾਂ ਸੀ ਡਰਾਂਵਦਾ
ਲੱਗਿਆ ਇਸ ਤਰ੍ਹਾਂ ਮੈਨੂੰ
ਜਿਵੇਂ ਉਹ ਸੀ
ਦੋਸਤਾਂ ਨੂੰ ਦੁਸ਼ਮਣ ਬਣਾਂਵਦਾ
✪



## ਵੱਡੀ ਕੈਦ

ਭਾਗਣ ਮਹਿਸੂਸ ਕਰ ਰਹੀ ਸਾਂ ਮੈਂ
ਮਾਣ ਮਹਿਸੂਸ ਕਰ ਰਹੀ ਸਾਂ ਮੈਂ,
ਕਿ ਨਿਕਲ ਆਈ ਹਾਂ-
ਉਸ ਕੈਦ 'ਚੋਂ,
ਉਸ ਨੌਂ ਮਹੀਨੇ ਦੀ ਕੈਦ 'ਚੋਂ
ਜਿੱਥੋਂ ਬਚ ਨਿਕਲ ਸਕਦੀ ਹੈ ਵਿਰਲੀ ਕੋਈ,
ਟਿਕੀਆਂ ਹੁੰਦੀਆਂ ਹਨ, ਜਿਸ ਤੇ ਕਈ ਅੱਖਾਂ
ਨਿਕਲ ਆਈ ਸਾਂ, ਉਸ ਕੈਦ ਵਿਚੋਂ ਮੈਂ
ਮੇਰੇ ਬਾਪ ਦਾ ਮੂੰਹ, ਮੇਰੀ ਮਾਂ ਦਾ ਮੂੰਹ, ਖਾਸ ਕਰ ਮੇਰੀ ਦਾਦੀ ਦਾ ਮੂੰਹ
ਵੇਖਣ ਵਾਲਾ ਸੀ-
ਪੱਟੀ ਸੀ ਜਦ ਮੈਂ ਪਹਿਲੀ ਅੱਖ
ਲਿਆ ਸੀ ਜਦ ਪਹਿਲੀ ਵਾਰ ਸਾਹ
ਲਗਦਾ ਸੀ ਜਿਵੇਂ ਵੇਖ ਮੈਨੂੰ ਕੇਰ ਰਹੀਆਂ ਹੋਣ ਖ਼ੂਨ ਦੇ ਅੱਥਰੂ
ਮੈਂ ਅਣਜਾਣ ਹੈਰਾਨ ਸਾਂ ਵੇਖ ਇਨ੍ਹਾਂ ਦੇ ਸੁੱਜੇ ਹੋਏ ਮੂੰਹ
ਸੋਚ ਰਹੀ ਸਾਂ ਆਖ਼ਰ ਹੋਇਆ ਹੈ ਕੀ ਗੁਨਾਹ ਮੈਥੋਂ,

ਮੈਨੂੰ ਜਨਮ ਦੇਣ ਵਾਲੀ ਵੀ
ਮੈਥੋਂ ਵੱਟ ਰਹੀ ਸੀ ਮੂੰਹ
ਤੇ ਪਾ ਰਹੀ ਸੀ ਮੱਥੇ ਵੱਟ
ਇਹ ਦੇਖ ਲੱਗੀ ਸੀ ਦਿਲ ਮੇਰੇ ਨੂੰ

ਪਹਿਲੇ ਹੱਲੇ ਹੀ ਸੱਟ
ਖ਼ੁਸ਼ ਸਾਂ ਮੈਂ ਅੰਦਰੋ-ਅੰਦਰੀ
ਪੜ੍ਹ ਰਹੀ ਸਾਂ ਇਹਨਾਂ ਦੇ
ਵੰਨ-ਸੁਵੰਨੇ ਚਿਹਰੇ
ਪਰ-
ਹੋਈ ਮੈਂ ਜਿਉਂ-ਜਿਉਂ ਜਵਾਨ
ਹੋਏ ਵਿਤਕਰੇ ਮੇਰੇ ਨਾਲ ਅਨੇਕਾਂ
ਹੈਰਾਨ ਵੀ ਤੇ ਦੁਖੀ ਵੀ ਸਾਂ ਮੈਂ

ਕਿ ਕਿੱਦਾਂ ਦੁਨੀਆ ਤੇਰੀ ਵਿਚ ਹੋ ਰਿਹਾ
ਔਰਤ ਜਾਤ ਤੇ ਜ਼ੁਲਮ
ਗੁਜ਼ਰਦਾ ਗਿਆ ਸਮਾਂ
ਝੱਲਦੀ ਰਹੀ ਤਸੀਹੇ
ਇਹ ਸੋਚ ਸੋਚ
ਕਿ ਹੁਣ ਆਏਗੀ
ਘੜੀ ਸੁੱਖ ਦੀ
ਮਾਣਾਂਗੀ ਮੈਂ ਵੀ ਠੰਢੀ ਛਾਂ ਕਿਸੇ ਰੁੱਖ ਦੀ
ਪਰ ਦਿਨੋਂ ਦਿਨ ਹੁੰਦਾ ਜਾ ਰਿਹਾ ਸੀ
ਮੇਰਾ ਦਾਇਰਾ ਪੀਡਾ
ਸੋਚ ਰਹੀ ਸੀ ਮੈਂ
ਇਕ ਛੋਟੀ ਜੇਲ੍ਹ 'ਚੋਂ ਨਿਕਲ
ਮੈਂ ਤਾਂ ਆ ਗਈ ਸਾਂ ਵੱਡੀ ਜੇਲ੍ਹ ਵਿਚ

ਸੁਰੱਖਿਅਤ ਸਾਂ ਮਾਂ ਉੱਥੇ
ਖਾਣਾ-ਪੀਣਾ ਤੇ ਆਰਾਮ
ਜ਼ੁਲਮ ਤਾਂ ਨਹੀਂ ਸਨ ਏਨੇ ਉੱਥੇ

ਇੱਥੇ ਤਾਂ ਹਰ ਪਾਸੇ ਮਗਰਮੱਛ
ਲੂੰਬੜ ਅੱਖਾਂ ਚੱਤੋ ਪਹਿਰ ਕਰਦੀਆਂ ਨੇ ਮੇਰਾ ਪਿੱਛਾ
ਲੈਂਦੀਆਂ ਨੇ ਗੁੱਝੀਆਂ ਤਲਾਸ਼ੀਆਂ ਮੇਰੇ ਜਿਸਮ ਦੀਆਂ
ਕਿਸ ਕਿਸ ਤੋਂ ਬਚਾਂ
ਹਰ ਪਾਸੇ ਹੈ ਵਿਛਿਆ ਜਾਲ
ਧਰਦੀ ਹਾਂ ਪੱਬ ਬੋਚ-ਬੋਚ
ਪਰ ਕਦ ਤੱਕ ਬਚਾਂਗੀ
ਇਕ ਨਾ ਇਕ ਦਿਨ
ਭੁੱਲ ਭੁਲੇਖੇ ਇਨ੍ਹਾਂ ਦੇ ਜਾਲ ਵਿਚ ਆਵਾਂਗੀ
ਫਿਰ ਤੋਰ ਦੇਵੇਗਾ ਬਾਪ ਮੇਰਾ ਇਸ ਤਰ੍ਹਾਂ
ਕਿਸੇ ਸ਼ਰਾਬੀ ਕਬਾਬੀ ਦੇ ਨਾਲ
ਜਿਵੇਂ ਕਿਸੇ ਮੱਝ ਗਾਂ ਨੂੰ ਕੀਲੇ ਤੋਂ ਸੰਗਲ ਖੋਲ੍ਹ



ਫਿਰ ਜਰਾਂਗੀ ਉਸ ਦੀ ਘੂਰ
ਸਹਾਂਗੀ ਉਸ ਦੀ ਕੁੱਟਮਾਰ
ਤੇ ਫਿਰ ਡਰਾਂਗੀ
ਜੇ ਜੰਮ ਪਈ ਧੀ ਮੇਰੀ ਕੁੱਖੋਂ
ਉਹ ਵੀ ਮੇਰੇ ਵਾਂਗ ਔਰਤ ਜਾਤ
ਦੇ ਦੁੱਖੜੇ ਜਰੇਗੀ

ਸੋਚ-ਸੋਚ ਹੋ ਰਹੀ ਹਾਂ ਡਾਹਢੀ ਦੁਖੀ
ਉਹ ਰੱਬਾ ਮੈਂ ਤਾਂ ਉਸ ਕੈਦ 'ਚੋਂ ਹੁੰਦੀ ਨਾ ਰਿਹਾਅ
ਉਸੇ ਵਿਚ ਹੀ ਮਰ ਜਾਂਦੀ
ਬਹੁਤ ਅੱਛਾ ਸੀ
ਇਸ ਵੱਡੀ ਕੈਦ ਨਾਲੋਂ
✪

## ਦੋਸਤੋ

ਫੋਕਿਆਂ ਹੁੰਗਾਰਿਆਂ ਨਾਲ
ਫਜ਼ੂਲ ਦੀਆਂ ਤਾੜੀਆਂ ਨਾਲ
ਗੱਲ ਨਹੀਂ ਬਣੇਗੀ ਹੁਣ-
ਕਲਮ ਤਿੱਖੀ ਕਰਨ ਦੇ ਨਾਲ-ਨਾਲ
ਤਲਵਾਰ ਵੀ ਤਿੱਖੀ ਕਰਨੀ ਪਵੇਗੀ ਹੁਣ,
ਦੋਸਤੋ, ਤੁਰਨਾ ਵੀ ਪਵੇਗਾ ਨਾਲ-ਨਾਲ
ਕਦਮ ਮਿਲਾ ਹੁਣ
ਛੱਡ ਦਿਉ ਹਾਸਾ ਹੱਸਣਾ ਗੁੱਝਾ ਜਿਹਾ
ਅੱਖਾਂ ਹੀ ਅੱਖਾਂ ਵਿਚ ਲਾਹੁਣੀ ਦੂਸਰੇ ਦੀ
ਇੱਜ਼ਤ ਹੁਣ
ਦੋਸਤੋ ਕਹਿਣੀ, ਕਰਨੀ ਦੇ ਵਿਚ ਨਾ ਰੱਖੋ ਫ਼ਰਕ
ਉੱਠੋ ਦੁਸ਼ਮਣ ਦੀਆਂ ਲੂੰਬੜ ਚਾਲਾਂ
ਤੋਂ ਹੋ ਜਾਉ ਸਤਰਕ
ਜੋ ਕੁਝ ਬਚਿਆ ਹੈ ਆਪਣੇ ਹੱਥ
ਉਸ ਨੂੰ ਹੀ ਬਚਾ ਕੇ ਲਈਏ ਰੱਖ
ਰਹਿਮ ਦੀ ਆਸ ਨਹੀਂ ਉਸ ਕੋਲੋਂ
ਦੋਸਤੋ ਖੋਹਣ ਦੀ ਤਿਆਰੀ ਕਰੋ ਆਪਣੇ ਹੱਕ,

ਕੋਹਣਾ ਛੱਡ ਕੇ ਆਪਣਿਆਂ ਨੂੰ
ਹੱਥ ਨਾਲ ਹੱਥ ਮਿਲਾ
ਇਕ ਨਾਲ ਇਕ ਮਿਲ ਕੇ ਦੋ ਸਹੀ
ਲਵੋ ਗਿਆਰਾਂ ਬਣਾ
ਬਣਾਈਏ ਏਦਾਂ ਦੀ ਦੀਵਾਰ
ਲੰਘ ਨਾ ਸਕੇ ਜਿਸ ਵਿਚੋਂ ਪਾੜਨ ਵਾਲੀ ਹਵਾ
ਅੱਜ ਹਾਂ ਮੁੱਠ ਕੁ ਭਰ
ਕੱਲ੍ਹ ਬਣਾਂਗੇ ਕਾਫ਼ਲਾ
ਦੋਸਤੋ ਥੋੜ੍ਹੀ ਹਿੰਮਤ ਲਵੋ ਜੁਟਾ
ਯਕੀਨ ਹੈ ਅਸੀਂ ਹੋਵਾਂਗੇ ਅਜੇ
ਦੋਸਤੋ ਯਕੀਨ ਹੈ ਅਸੀਂ ਹੋਵਾਂਗੇ ਅਜੇ
✪



## ਮਤਰੇਈ ਮਾਂ

ਚਿੰਤਾ ਤਾਂ ਹੈ ਪਰ-
ੳ, ਅ, ਦੀ ਨਹੀਂ
क, ख, ਏ, ਬੀ, ਸੀ, ਦੀ
ਚਿੰਤਾ ਹੈ-
ਕਿਵੇਂ ਪਰ੍ਹਾਂ ਕੀਤਾ ਜਾਵੇ ਮਾਂ ਨੂੰ
ਕਿਵੇਂ ਅਪਣਾਇਆ ਜਾਵੇ ਮਤਰੇਈ ਨੂੰ
ਇਸ ਦੀ ਚਿੰਤਾ ਹੈ,
ਦੋਸਤੋ ਚਿੰਤਾ ਤਾਂ ਹੈ,

ਚਿੰਤਾ ਤਾਂ ਹੈ-
ਪਰ ਆਪਣੇ ਪਹਿਰਾਵੇ ਦੀ ਨਹੀਂ
ਥੱਲੇ ਲਮਕਦੀ ਜ਼ੀਨ ਦੀ,
ਹੋਰ ਛੋਟੀ ਹੁੰਦੀ ਸਰਕਟ ਦੀ
ਛੋਟੇ ਹੁੰਦੇ ਟੌਪ ਦੀ

ਚਿੰਤਾ ਤਾਂ ਹੈ,
ਪੱਛਮੀ ਸਭਿਆਚਾਰ ਦੀ
ਬਰੈਂਡਡ ਕੱਪੜਿਆਂ ਦੀ, ਬੂਟਾਂ ਦੀ
ਕਿਵੇਂ ਲੜ ਲਾਇਆ ਜਾਵੇ
ਕਿਵੇਂ ਅਪਣਾਇਆ ਨਾਲ

ਚਿੰਤਾ ਨਹੀਂ ਤਾਂ ਸਾਨੂੰ
ਆਪਣੇ ਵਿੱਸਰ ਰਹੇ ਸਭਿਆਚਾਰ ਦੀ
ਰਿਸ਼ਤਿਆਂ ਦੀ

ਬੱਸ ਚਿੰਤਾ ਹੈ, ਚਾਚਾ ਤਾਇਆ
ਫੁੱਫੜ, ਚਾਚੀ ਤਾਈ ਭੂਆ ਮਾਮਾ ਮਾਮੀ
ਨੂੰ ਅੰਕਲ, ਆਂਟੀ ਦੇ
ਰਿਸ਼ਤੇ ਵਿਚ ਪ੍ਰੋਣ ਦੀ
✪

## ਜਾਗੋ ਦੋਸਤੋ

ਜਾਗੋ ਦੋਸਤੋ ਉਠੋ ਦੋਸਤੋ
ਕਿਤੇ ਸੁੱਤੇ ਨਾ ਰਹਿ ਜਾਈਏ
ਪਾਈਏ ਨਕੇਲ ਇਨ੍ਹਾਂ ਦੇ
ਜੋ ਬਣੇ ਫਿਰਦੇ ਨੇ ਵਪਾਰੀ
ਆਪਣੀ ਮਾਂ ਬੋਲੀ ਜਿਨ੍ਹਾਂ ਰੰਡੀ ਵਾਂਗ ਸ਼ਿੰਗਾਰੀ,
ਏਨੇ ਗਿਰ ਗਏ ਹਾਂ ਅਸੀਂ
ਕਿੱਥੇ ਹੈ ਗੈਰਤ
ਆਪਣੇ ਹੱਥੀਂ ਵੇਚ ਰਹੇ
ਬੁੱਲ੍ਹੇ ਦੀ ਪਿਆਰੀ, ਫ਼ਰੀਦ ਦੀ ਦੁਲਾਰੀ,
ਵਾਰਿਸ ਦੀ ਕਿਆਰੀ

ਉਹ ਜਾਗੋ, ਜੇ ਹੋ ਅਸਲੇ ਦੇ
ਖਰੀਦ ਲਈ ਹੈ ਤਾਹੀਉਂ ਉਨ੍ਹਾਂ
ਤੁਹਾਡੀ ਮਾਂ ਬੋਲੀ
ਲਾ ਕੇ ਹਾਰ ਸ਼ਿੰਗਾਰ
ਲਾ ਕੇ ਤੜਕਾ ਪੇਸ਼ ਕੀਤਾ ਹੈ
ਉਨ੍ਹਾਂ ਤੁਹਾਡੇ ਸਾਹਮਣੇ
ਪਛਾਣੋਂ ਕਿਹੜੀ ਚੜ੍ਹੀ ਹੈ ਲੋਰ ਤੁਹਾਨੂੰ
ਕਿਹੜੇ ਕਰਜ਼ੇ ਥੱਲੇ ਦੱਬੇ ਹੋ
ਕੁਝ ਹੋਸ਼ ਵਿਚ ਆਉ
ਦੋਸਤੋ ਲਾਇਆ ਹੈ ਇਨ੍ਹਾਂ ਤੁਹਾਡੀ ਜੜ੍ਹੀ ਸੰਨ੍ਹ
ਜੇ ਖਾਧੀਆਂ ਗਈਆਂ ਜੜ੍ਹਾਂ ਤੁਹਾਡੀਆਂ

ਕੋਈ ਨਹੀਂ ਬਚਾਅ ਸਕਦਾ
ਤੁਹਾਨੂੰ ਡਿੱਗਣੋਂ ਧਰਤ ਤੇ
ਮਿੱਟੀ ਵਿਚ ਮਿਲਣੋਂ
ਏਸ ਲਈ ਜਾਗੋ ਆਹ ਸਟੇਜਾਂ ਤੋਂ
ਭੌਂਕਣ ਵਾਲੇ ਕੁੱਤਿਆਂ ਤੋਂ ਬਚੋ
ਕੁਝ ਪੱਲੇ ਨਹੀਂ ਪਾਉਣਾ ਜਿਹੜੇ ਬਣੇ



ਫਿਰਦੇ ਨੇ ਤੁਹਾਡੇ ਖੈਰ ਖੁਆਹ
ਇਨ੍ਹਾਂ ਨੇ ਭਰਨੀਆਂ ਨੇ ਆਪਣੀਆਂ ਝੋਲੀਆਂ
ਬਣਾਉਣੇ ਨੇ ਇਨ੍ਹਾਂ ਨੇ ਹਵਾ ਮਹਿਲ
ਤੁਹਾਡੇ ਸਿਰ 'ਤੇ
ਇਕੱਠੇ ਹੋਣਾ ਪੈਣਾ ਹੈ
ਥੋੜ੍ਹੀ ਜਿਹੀ ਦੀਵੇ ਦੀ ਲਾਟ ਨੂੰ
ਛੂਹਣਾ ਪੈਣਾ ਹੈ,
ਜਦੋਂ ਲੱਗੇ ਜ਼ਰਾ ਕੁ ਸੇਕ
ਸ਼ਾਇਦ ਫੇਰ ਜਾਗ ਖੁੱਲ੍ਹੇ,
ਇਕ ਦੂਜੇ ਵੱਲ ਨਾ ਦੇਖੋ,
ਚੁੱਕੋ ਝੰਡਾ ਹੋ ਲੱਗੋ ਮੂਹਰੇ
ਇਕ ਤੇ ਇਕ ਗਿਆਰਾਂ ਦੀ
ਦਿਖਾਉਣੀ ਪੈਣੀ ਹੈ ਤਾਕਤ
ਨਹੀਂ ਤਾਂ ਰਹਿ ਜਾਵਾਂਗੇ ਸੁੱਤੇ
ਲੈ ਜਾਓ ਕੱਢ ਕੇ ਆਪਣੀ
ਮਾਂ ਬੋਲੀ ਨੂੰ।
✪

## ਅੰਦਰੋਂ ਬੁਰੇ ਹਾਂ

ਆਹ ਆਪਾਂ ਕਿਹੜੇ ਵਹਿਣੀ ਬਹਿ ਤੁਰੇ ਹਾਂ।
ਉਪਰੋਂ ਬਣਦੇ ਹਾਂ ਚੰਗੇ ਪਰ ਅੰਦਰੋਂ ਬੁਰੇ ਹਾਂ।

ਸਾੜਾ ਲਾਲਚ ਬਦਤਮੀਜ਼ੀ ਘੁਸ ਗਈ ਦਿਮਾਗ਼ੇ,
ਹਰ ਦਮਕਦੀ ਚੀਜ਼ ਪਾਉਣ ਲਈ ਜਮੀਰੋਂ ਗਿਰੇ ਹਾਂ।

ਕਿੰਨਾ ਮਰਜ਼ੀ ਚੰਗੇ ਤੋਂ ਚੰਗਾ ਯਾਰ ਹੋਵੇ ਆਪਣਾ,
ਪਰ ਉਸ ਦੀ ਚੜ੍ਹਤ ਦੇਖ ਅੰਦਰੋਂ-ਅੰਦਰੀ ਕੁੜ੍ਹੇ ਹਾਂ।

ਜਿੰਨਾ ਮਰਜ਼ੀ ਕਹਿ ਲਈਏ ਧੀਆਂ ਬਰਾਬਰ ਮੁੰਡਿਆਂ ਦੇ,
ਅੰਦਰੋਂ ਮੰਡੇ ਦੀ ਦਾਤ ਪਾਉਣ ਸਕੈਨਾਂ ਲਈ ਤੁਰੇ ਹਾਂ।

ਨਾ ਚਿੱਟੀ ਦਾੜ੍ਹੀ ਦੀ ਸ਼ਰਮ ਨਾ ਉਮਰ ਦੀ ਸ਼ਰਮ,
ਪਰਾਈ ਧੀ ਦੇਖ ਕਾਮ ਦੇ ਵਹਿਣ ਵਿਚ ਰੁੜ੍ਹੇ ਹਾਂ।

ਚਾਰ ਬੰਦਿਆਂ ਵਿਚ ਬਹਿ ਕੇ ਜੋ ਕਰਦੇ ਧਰਮੀਂ ਗੱਲਾਂ,
ਨਿਕਲ ਕੇ ਮਹਿਫਲ ’ਚੋਂ ਫਿਰ ਅਧਰਮ ਹੋ ਤੁਰੇ ਹਾਂ।

✪



## ਅਧੂਰੀਆਂ ਆਸਾਂ

ਆਸਾਂ ਨਾ ਪੂਰੀਆਂ ਹੋਈਆਂ।
ਦੂਰ ਨਾ ਦੂਰੀਆਂ ਹੋਈਆਂ।

ਚੱਲੀ ਨਾ ਹੱਟ ਇਸ਼ਕੇ ਦੀ,
ਕਾਫ਼ੀ ਮਸ਼ਹੂਰੀਆਂ ਹੋਈਆਂ।

ਬੜਾ ਮੈਂ ਪੁੱਛਿਆ ਉਹਨੂੰ,
ਕੀ ਮਜ਼ਬੂਰੀਆਂ ਹੋਈਆਂ।

ਗਮ ਖਾ ਗਿਆ ਸਭ ਕੁਝ,
ਤਾਹੀਓਂ ਬੇ ਨੂਰੀਆਂ ਹੋਈਆਂ।

✪

## ਰਿਹਾ ਕੁਝ ਨਾ ਬਾਕੀ

ਵੱਟੀ ਘੂਰੀ
ਪਾਈ ਮੱਥੇ ਤਿਊੜੀ
ਰੋਕੀ ਬੁੱਲ੍ਹਾਂ 'ਚੋਂ ਹਾਸੀ
ਪਰ ਉਹ ਤੱਕੀ ਜਾਸੀ
ਵਾਂਗ ਬਾਬਰੇ
ਉਹਨੇ ਝਪਕੇ ਨਾ ਨੈਣ
ਖੌਰੇ ਹੋ ਗਿਆ ਕੀ
ਮੈਂ ਹੋ ਗਈ ਬਾਉਰੀ
ਪਿੱਛੇ ਪਿੱਛੇ ਆਵੇ
ਜਿਉਂ ਵਲ਼ ਖਾਵਾਂ
ਤਿਉਂ ਵਲ਼ ਪਿਆ ਖਾਵੇ
ਜਦੋਂ ਜੁੱਤੀ ਹੱਥ ਪਾਵਾਂ
ਬਣ ਜਾਵੇ ਪ੍ਰਛਾਵਾਂ
ਗੱਲ ਸਖੀਆਂ ਨੂੰ ਦੱਸੀ
ਇਕ ਉੱਚੀ ਹੱਸੀ
ਕਹੇ ਹੋ ਗਿਆ ਸੁਦਾਈ
ਉਹ ਤੇਰੇ ਪਿੱਛੇ
ਉਹ ਕਹਿ ਕੇ ਨੱਸੀ
ਮੈਂ ਮਨ 'ਚ ਸ਼ਰਮਾਈ
ਮੂਹਰੇ ਆ ਗਿਆ ਉਹ
ਹੋਸ਼ ਉੱਡ ਗਏ ਮੇਰੇ
ਜ਼ਿੰਦ ਕੁੜਿੱਕੀ 'ਚ ਫਸੀ
ਮੈਂ ਨੈਣ ਝੁਕਾਏ
ਉਹਨੇ ਨੈਣ ਨੈਣਾਂ ਵਿਚ ਪਾਏ
ਇਕ ਵੱਖਰੀ ਚਮਕ
ਉਹਦੇ ਨੈਣੀਂ ਨਜ਼ਰੀ ਆਏ
ਵਾਂਗ ਝੱਲਿਆਂ ਦੇ ਵਾਂਗ
ਜਦ ਉਹਦੇ ਵੱਲ ਝਾਕੀ
ਰਿਹਾ ਕੁਝ ਨਾ ਬਾਕੀ



ਨਿਸ਼ਆਇਆ ਅੰਗ ਸੰਗ
ਮੈਂ ਉਹਦੀ ਬਣ ਗਈ ਜਾਪੀ
ਬੁੱਤ-ਬੁੱਤ ਨੂੰ ਤੱਕੀ ਜਾਵੇ
ਰੂਹਾਂ ਅੰਬਰੀ ਉੱਡੀਆਂ
ਹੋਸ਼ਾਂ ਉਡੀਆਂ
ਲਾਇਆ ਹੱਥ ਆ ਸਹੇਲੀ
ਮੁੜ ਧਰਤ ਤੇ ਆਈ
ਉਹ ਬਣ ਗਿਆ ਪਰਛਾਵਾਂ
ਨਾਲੇ ਅੱਗੇ ਵਧੀ ਜਾਵਾਂ
ਨਾਲੇ ਪਿੱਛੇ ਤੱਕੀ ਜਾਵਾਂ
ਲੱਗੇ ਕੁਝ ਗੁਆਚਾ ਮੇਰਾ
ਲੱਭਾਂ ਕਿੱਥੋਂ ਮੈਂ ਪਰਛਾਵਾਂ
✪

## ਬੇਗਾਨੇ ਹੋ ਗਏ

ਜਦੋਂ ਦੇ ਸੱਜਣ ਬੇਗਾਨੇ ਹੋ ਗਏ
ਅਸੀਂ ਤਾਂ ਮੈਖਾਨੇ ਦੇ ਹੋ ਗਏ
ਕੋਇਲ ਉੱਡ ਗਈ ਰੁੱਖ ਸਾਡੇ ਤੋਂ
ਉਸ ਰੁੱਖ ਤੇ ਹੁਣ ਕਾਵਾਂ ਦੇ ਤਰਾਨੇ ਹੋ ਗਏ।

ਹਵਾ ਦਾ ਰੁਖ ਵੀ ਹੋ ਗਿਆ ਹੋਰ
ਮੋਰ ਵੀ ਭੁੱਲ ਗਿਆ ਆਪਣੀ ਤੋਰ
ਯਾਰੋ ਅਸੀਂ ਕਰੀਏ ਦੱਸੋ ਕੀ ਹੋਰ
ਕੋਇਲ ਦੇ ਕਾਵਾਂ ਨਾਲ ਯਾਰਾਨੇ ਹੋ ਗਏ।

ਜਦ ਮਹਿਫ਼ਲ ਜੁੜਦੀ ਤੇਰੀ ਗੱਲ ਤੁਰਦੀ
ਜਿੰਦ ਜਾਂਦੀ ਬਰਫ਼ ਵਾਂਗੂੰ ਖੁਰਦੀ
ਕਹੀ ਗੱਲ ਮੁੱਖ ਤੋਂ ਕਦੇ ਨਾ ਮੁੜਦੀ
ਸੁਣ-ਸੁਣ ਚੋਭਾਂ ਅਸੀਂ ਤਾਂ ਦੀਵਾਨੇ ਹੋ ਗਏ।

ਫੁੱਲਾਂ ਦੇ ਕੋਲ ਦੀ ਹੁਣ ਨਾ ਲੰਘੀਏ
ਲੱਗੇ ਡਰ ਫਿਰ ਨਾ ਜਾਈਏ ਡੰਗੀਏ
ਲੱਗਣ ਹੁਣ ਚੰਗੇ ਥੋਹਰ ਦੇ ਕੰਡੇ
ਹੁਣ ਇਨ੍ਹਾਂ ਨਾਲ ਬੇਗਾਨੇ ਹੋ ਗਏ।
✪



## ਸਮੇਂ ਦੀ ਪੌਣ

ਪੁੱਠੀ ਚੱਲੀ ਸਮੇਂ ਦੀ ਪੌਣ ਹੈ
ਉਨ੍ਹਾਂ ਸ਼ਹੀਦਾਂ ਜਿਹਾ ਅੱਜ ਕੌਣ ਹੈ।

ਉਨ੍ਹਾਂ ਦੀ ਬਦੌਲਤ ਹੋਈ ਹੈ
ਅੱਜ ਸੰਸਾਰ 'ਚ ਸਾਡੀ ਉੱਚੀ ਧੌਣ ਹੈ।

ਉਹ ਬੁੱਤ ਬਣ ਕੇ ਰਹਿ ਗਏ
ਦੋ ਵਾਰ ਪੁੱਛਦੇ ਨੇ ਸਾਲ 'ਚੋਂ ਇਹ ਕੌਣ ਹੈ।

ਪਾ ਕੇ ਗਲ਼ ਵਿਚ ਹਾਰ ਮਾਰ ਦੋ ਨਾਅਰੇ
ਤੁਰਦੇ ਬਣਦੇ ਅੱਜ ਦੇ ਇਹ ਰੌਣ ਹੈ।

ਨਾ ਜੋੜੀ ਦਮੜੀ ਲੁਹਾਈ ਚਮੜੀ
ਉਨ੍ਹਾਂ ਬੁੱਤ ਨੂੰ ਪੁੱਛਦਾ ਕੌਣ ਹੈ।

ਉਨ੍ਹਾਂ ਦੇ ਨਾਂ ਤੇ ਇਕੱਠੀ ਕਰ ਮਾਇਆ
ਧੋਂਦੇ ਪਏ ਆਪਣੇ ਹੀ ਧੋਣ ਹੈ।

ਆਉ ਹੰਭਲਾ ਮਾਰੀਏ ਜਗਾਈਏ ਅੰਤਰ ਆਤਮਾ
ਕਿਤੇ ਆਉਣ ਵਾਲੀ ਨਸਲ ਇਹ ਨਾ ਪੁੱਛੇ
ਇਹ ਕਰਤਾਰ ਕੌਣ ਹੈ।
ਇਹ ਭਗਤ ਕੌਣ ਹੈ।
✪

## ਸੱਚਾ ਸਾਥੀ

ਦਿਉ ਦੋਸਤੋ ਮੈਨੂੰ ਦਿਲਾਸਾ,
ਹੋ ਸਕੇ ਮੇਰੀ ਜ਼ਿੰਦਗੀ ਦਾ ਪੰਧ ਲੰਮੇਰਾ।
ਛੇਤੀ ਛੇਤੀ ਦਿਖਾਵੋ ਕੋਈ ਕਿਰਨ ਆਸ ਦੀ
ਹੋ ਸਕੇ ਮੇਰੀ ਹਨੇਰੀ ਜ਼ਿੰਦਗੀ ਵਿਚ ਵੀ ਸਵੇਰਾ।
ਖ਼ੁਸ਼ੀ ਵੇਲੇ ਮਿਲ ਜਾਂਦੇ ਨੇ ਬਹੁਤ ਗਲ਼ ਲਾਉਣ ਵਾਲੇ,
ਗ਼ਮ ਵੇਲੇ ਕੋਈ ਨਾ ਕਰਦਾ ਗਲ਼ ਲਾਉਣ ਦਾ ਜੇਰਾ।
ਸਾਥ ਦੇਵੇਗਾ ਰਵੀ ਜਿਹੜਾ ਇਸ ਘੜੀ ਵਿਚ
ਉਹੀ ਹੋਵੇਗਾ ਦੋਸਤੋ ਸੱਚਾ ਸਾਥੀ ਮੇਰਾ।
✪



## ਸ਼ਹਿਰੀ ਦੁਨੀਆ ਦੇ ਲੋਕ

ਕਿੰਨੀ ਸੌੜੀ ਹੋ ਰਹੀ ਹੈ
ਦੁਨੀਆ ਦੀ ਸੋਚ
ਦਿਨੋਂ-ਦਿਨ ਬੇ-ਰੰਗੀ ਬੇ-ਰਸੀ ਜਹੀ
ਬਣੀ ਜਾਂਦੀ ਹੈ ਦੁਨੀਆ ਦੀ ਸੋਚ
ਖਾਸ ਕਰ ਸ਼ਹਿਰਾਂ ਦੀ ਦੁਨੀਆ
ਜਿਸ ਵਿਚ ਕੋਈ ਖ਼ੁਸ਼ਬੂ ਨਹੀਂ
ਸਿਰਫ਼ ਕਾਗਜ਼ੀ ਫੁੱਲਾਂ ਵਰਗੀ
ਬਣ ਕੇ ਰਹਿ ਗਈ ਹੈ ਸ਼ਹਿਰੀ ਲੋਕਾਂ ਦੀ ਸੋਚ
ਇਨ੍ਹਾਂ ਲੋਕਾਂ ਦਾ ਨਾ ਆਪਣਾ ਜਮੀਰ ਹੈ
ਤੇ ਨਾ ਕੋਈ ਆਪਣੀ ਜ਼ੁਬਾਨ
ਇਹ ਸਮੇਂ-ਸਮੇਂ ਤੇ ਥਿਰਕਦੇ ਨੇ ਆਪਣੀ ਜ਼ੁਬਾਨ ਤੋਂ
ਤੇ ਗਿਰਗਟ ਵਾਂਗ ਆਪਣੀ ਬਦਲ ਜਾਂਦੇ ਨੇ ਸੋਚ
ਜਨਤਾ ਦੇ ਇਨ੍ਹਾਂ ਠੇਕੇਦਾਰਾਂ ਦਾ ਆਪਣਾ
ਕੋਈ ਦੀਨ ਧਰਮ ਨਹੀਂ ਹੁੰਦਾ
ਇਨ੍ਹਾਂ ਦਾ ਆਪਣਾ ਦਾਮਨ ਕਦੇ ਪਾਕਿ ਨਹੀਂ ਹੁੰਦਾ
ਇੱਥੇ ਜਿੰਨਾ ਉੱਚਾ ਗੁੰਡਾ ਹੋਵੇਗਾ
ਉਹ ਉੱਨਾ ਉੱਚਾ ਹੀ ਜਨਤਾ ਦਾ ਨੇਤਾ ਹੋਵੇਗਾ
ਕੋਈ ਉਸ ਦੀ ਹਵਾ ਵੱਲ ਵੀ ਨਹੀਂ ਤੱਕੇਗਾ
ਜੇ ਤੱਕੇਗਾ ਤਾਂ ਉਹ ਦੁਨੀਆ 'ਚ ਰਹਿਣ ਦਾ ਹੱਕਦਾਰ ਨਹੀਂ ਹੋਵੇਗਾ
ਇਸ ਦੁਨੀਆ ਦੇ ਲੋਕ ਉਪਰੋਂ ਤਾਂ ਅਪਣਤ
ਦਿਖਾਉਂਦੇ ਨੇ ਪਰ ਵਿਚੋਂ ਇਕ ਦੂਜੇ
ਨੂੰ ਮਾਰਨ ਤੱਕ ਜਾਂਦੇ ਹਨ।
ਪਤਾ ਨਹੀਂ ਇਹ ਬੇ-ਮਤਲਬੀ, ਬੇ-ਭਰੋਸਗੀ ਦਾ
ਦੌਰ ਖ਼ਤਮ ਹੋਵੇਗਾ ਜਾਂ ਨਹੀਂ
ਪਰ ਫਿਰ ਵੀ ਦੁਨੀਆ ਦੀ ਸੋਚ ਤੇ
ਜ਼ਿੰਦਗੀ ਤੁਰੀ ਜਾ ਰਹੀ ਹੈ।
ਪਤਾ ਨਹੀਂ ਕਿਵੇਂ?
ਸ਼ਾਇਦ! ਕਿਸੇ ਰੂਹਾਨੀ ਤਾਕਤ ਦੇ ਸਦਕਾ.....।
✪

## ਕਾਸ਼ !

ਕਾਸ਼! ਮੈਂ ਉਸ ਸਮੇਂ ਤੇਰੀ ਹਾਂ ਵਿਚ ਹਾਂ ਨਾ
ਮਿਲਾਈ ਹੁੰਦੀ।
ਕਾਸ਼! ਮੈਂ ਤੇਰੇ ਹਾਸੇ ਵਿਚ ਨਾ ਹੱਸੀ ਹੁੰਦੀ।
ਸ਼ਾਇਦ ਜੋ ਹੁਣ ਮੇਰੇ ਨਾਲ ਬੀਤ ਰਹੀ ਹੈ
ਨਾ ਬੀਤ ਰਹੀ ਹੁੰਦੀ।
ਤੇ ਮੈਂ ਵੀ ਖੁੱਲ੍ਹ ਕੇ ਹੱਸ ਸਕਦੀ
ਦੁਨੀਆ 'ਚ ਆਮ ਵਾਂਗ ਵਿਚਰ ਸਕਦੀ
ਤੇ ਦੁਨੀਆ ਮੇਰੇ ਵੱਲ ਉਂਗਲ ਨਾ ਕਰ ਸਕਦੀ
ਹੁਣ
ਤਾਂ ਇਹ ਹਾਸਾ ਓਪਰਾ ਜਿਹਾ
ਹਾਸਾ ਬਣ ਕੇ ਰਹਿ ਗਿਆ ਹੈ
ਸਿਰਫ਼ ਲੋਕਾਂ ਲਈ ਹੈ ਇਹ ਹਾਸਾ ਮੇਰਾ।
ਕਾਸ਼! ਮੈਂ ਵੀ ਸਹੇਲੀਆਂ ਵਾਂਗ ਘੁੰਮ ਸਕਦੀ
ਹੁਣ ਤਾਂ ਘਰ ਦਾ ਖੂੰਝਾ ਹੀ ਮੇਰਾ ਕਮਰਾ ਹੈ
ਤੇ ਅੱਥਰੂ ਮੇਰੇ ਲਈ ਮੋਤੀ ਹਨ।
ਤੇ ਤੇਰੀਆਂ ਯਾਦਾਂ ਮੇਰਾ ਸਹਾਰਾ ਨੇ।
ਲਗਦਾ ਹੈ ਬਾਕੀ ਜ਼ਿੰਦਗੀ ਇਸ
ਖੂੰਝੇ ਵਿਚ ਹੀ ਬਸਰ ਹੋ ਜਾਵੇਗੀ।
ਮੈਂ ਉਹ ਵੇਲਾ ਯਾਦ ਕਰ ਪਛਤਾਉਂਦੀ ਹਾਂ
ਕਾਸ਼! ਮੈਂ ਤੇਰੀ ਹਾਂ ਵਿਚ ਹਾਂ ਨਾ ਮਿਲਾਈ ਹੁੰਦੀ।
✪



## ਦੇਖੀਂ ਧੀਏ

ਦੇਖੀਂ ਧੀਏ ਕਿਤੇ ਸਾਡੀ ਇੱਜ਼ਤ ਨੂੰ
ਦਾਗ਼ ਨਾ ਲਾ ਦੇਈਂ
ਇੱਜ਼ਤ ਬਣਾਉਣ ਤਾਂ ਵਰ੍ਹੇ ਲੱਗ ਜਾਂਦੇ ਨੇ
ਪਰ ਦਾਗ਼ ਲੱਗਣ ਲਈ
ਪਲ ਕੁ ਲਗਦਾ ਹੈ।
ਧੀਏ! ਹੁਣ ਤੂੰ ਜਵਾਨ ਹੋ ਗਈ ਏਂ
ਸੰਭਲ ਕੇ ਬੋਲਿਆ ਤੇ ਹੱਸਿਆ ਕਰ
ਇਹ ਦੁਨੀਆ ਤਾਂ ਬੱਸ ਬਹਾਨਾ
ਭਾਲਦੀ ਏ ਰਾਈ ਦਾ ਪਹਾੜ ਬਣਾਉਣ ਨੂੰ
ਬਸ ਧੀਏ ਕੁੜੀਆਂ ਦਾ ਬਚਪਨ ਤਾਂ
14-15 ਸਾਲ ਤੱਕ ਹੁੰਦਾ ਹੈ।
16 ਟੱਪਦੀ ਨੀ ਤੇ ਲੋਕਾਂ ਦੀਆਂ
ਨਜ਼ਰਾਂ ਵਿਚ ਰੜਕਣ ਲੱਗ ਜਾਂਦੀ ਹੈ।
ਐਵੇਂ ਨਾ ਹੁਣ ਬਾਹਰ ਨਿਆਣਿਆਂ 'ਚ
ਖੇਡਿਆ ਕਰ। ਹੁਣ ਤੇਰੀ ਖੇਡਣ
ਦੀ ਉਮਰ ਨਹੀਂ ਰਹੀ।
ਘਰ ਬੈਠ ਕੇ ਕੋਈ ਕੰਮ ਧੰਦਾ ਕਰਿਆ ਕਰ।
ਹੁਣ
ਤੇਰੇ ਪਿਉ ਦੀ ਪੱਗ ਤੇ ਮੇਰੇ ਸਿਰ ਦੀ
ਚੁੰਨੀ ਤੇਰੇ ਹੱਥ ਵਿਚ ਹੈ।
ਦੇਖੀਂ ਧੀਏ ਇਹਨੂੰ ਮਿੱਟੀ ਵਿਚ ਨਾ
ਰੋਲ਼ੀਂ।
ਸੰਭਾਲ ਕੇ ਰੱਖੀਂ
ਇਕ ਵਾਰ ਦਾਗ਼ ਲੱਗਿਆ ਸਾਰੀ ਉਮਰ ਦਾ
ਕਲੰਕ ਲੱਗ ਜਾਂਦਾ ਹੈ।
ਦੇਖੀਂ ਕਿਤੇ ਮੇਰੀ ਬੀਬੀ ਧੀ!
ਵੇਖ ਹਾਲੇ ਵੀ ਸਿੱਧੇ ਰਸਤੇ ਆਜਾ
ਹਾਲੇ ਵੀ ਕੁਝ ਨਹੀਂ ਵਿਗੜਿਆ
ਮੈਂ ਤਾਂ ਹਾਲੇ ਵੀ ਉਸ ਪ੍ਰਮਾਤਮਾ
ਵਾਹਿਗੁਰੂ ਪਾਸੋਂ ਤੇਰੀ ਜ਼ਿੰਦਗੀ
ਦੀ ਸੁੱਖ ਮੰਗਦੀ ਹਾਂ।
✪

## ਦੇਖ ਪੁੱਤ

ਦੇਖ ਪੁੱਤ ਮੈਂ ਤੈਨੂੰ ਇਸ ਲਈ ਨਹੀਂ ਸੀ ਜੰਮਿਆ
ਕਿ ਤੂੰ ਵੱਡਾ ਹੋ ਕੇ ਮੇਰੇ ਸਿਰ ਵਿਚ ਸੁਆਹ ਪਾਵੇਂ?
ਮੈਂ ਤੈਨੂੰ ਰੱਬ ਅੱਗੇ ਅਰਦਾਸ ਕਰਕੇ
ਕਦੇ ਕਿਸੇ ਫ਼ਕੀਰ ਦੀ ਦੇਹਲੀ ਤੇ
ਕਦੇ ਕਿਸੇ ਸਾਧੂ ਦੇ ਡੇਰੇ ਤੇ
ਮੰਨਤਾਂ ਮੰਨ-ਮੰਨ ਕੇ
ਮੰਗਿਆ ਸੀ ਤੈਨੂੰ-
ਮੇਰੇ ਵੀ ਅਰਮਾਨ ਨੇ ਪੁੱਤਰਾ
ਤੂੰ ਵੱਡਾ ਹੋ ਕੇ ਅਫ਼ਸਰ ਬਣੇਂ
ਪਰ ਤੂੰ ਤਾਂ-
ਮੇਰਾ ਖੁਰਾ ਖੋਜ ਮਿਟਾਉਣ ਤੇ
ਤੁਲਿਆ ਬੈਠਾ ਹੈਂ।
ਤੇਰੇ ਲਈ ਮੈਂ ਨੌਂ ਮਹੀਨੇ ਦੁੱਖ ਕੱਟਿਆ
ਹਰ ਇਕ ਦਿਨ ਹਰ ਘੜੀ ਤੇਰੇ ਹੋਣ
ਦੀ ਸੁੱਖ ਮੰਗਦੀ ਰਹੀ।
ਜੇ ਤੇਰਾ ਪਿਉ ਜਿਉਂਦਾ ਹੁੰਦਾ
ਤਾਂ ਉਹਨੂੰ ਕਹਿੰਦੀ ਆਹ ਦੇਖ ਲਾ
ਤੂੰ ਕਹਿੰਦਾ ਸੀ ਨਾ ਪੁੱਤ ਨਹੀਂ ਜੰਮਦੀ
ਆਹ ਵੇਖ ਲਾ ਤੇਰੇ ਲਾਡਲੇ ਦੀਆਂ
ਕਰਤੂਤਾਂ। ਆਏ ਦਿਨ ਲੜਾਈ ਪਾਈ
ਫਿਰਦਾ ਹੈ ਕਿਸੇ ਨਾਲ।
ਆਹ ਤਿੰਨ ਕੁੜੀਆਂ ਉਤੋਂ ਜੰਮਿਆ ਸੀ
ਸੋਚਿਆ ਸੀ ਆਪਣੀਆਂ ਭੈਣਾਂ ਦਾ ਸਹਾਰਾ
ਬਣੇਗਾ।
ਪਰ ਇਸ ਨੂੰ ਕੋਈ ਪ੍ਰਵਾਹ ਨਹੀਂ
ਆਪਣੇ ਘਰ ਦੀ
ਵੇ ਪੁੱਤ ਇਸ ਬੁੱਢੜੀ ਤੇ ਤਰਸ ਖਾ
✪



## ਸਭਿਆਚਾਰ ਦਾ ਰਾਖਾ

ਕੀਤੀ ਜਾ ਸਕਦੀ ਹੈ ਗਿਣਤੀ ਪੋਟਿਆਂ ਤੇ,
ਬੈਠੇ ਨੇ ਜਿਹੜੇ ਸਭਿਆਚਾਰ ਦੀ ਰਾਖੀ
ਪਰ ਅਣ-ਗਿਣਤ ਨੇ (ਬੇਸ਼ੁਮਾਰ ਨੇ)
ਸਭਿਆਚਾਰ ਤੇ ਬੋਲਣ ਲਈ
ਸਭਿਆਚਾਰ ਨੂੰ ਵਪਾਰੀ ਦੀ ਤੱਕੜੀ ਤੋਲਣ ਲਈ
ਸਟੇਜ ਤੇ ਖੜ੍ਹੇ, ਘੁੱਟ ਕੇ ਮਾਇਕ ਨੂੰ ਫੜ
ਸਭਿਆਚਾਰ ਨੂੰ ਬਚਾਉਣ ਦਾ ਹੋਕਾ ਦੇਣ ਵਾਲੇ
ਇਨ੍ਹਾਂ ਦੇ ਭਾਸ਼ਣ ਦਾ ਕਹਿਣਾ ਕੀ
ਜਗਾ ਦਿੰਦੇ ਨੇ ਬੁਝੇ ਹੋਏ ਦੀਵੇ
ਬਿਨਾਂ ਤੇਲ ਦੇ
ਇਹ ਚਿੱਟੇ ਹਾਥੀ
ਬੜਾ ਚਿੰਘਾੜਦੇ ਨੇ
ਜਦ ਇਨ੍ਹਾਂ ਮੂਹਰੇ ਬੈਠਾ ਹੋਣੇ
ਲੋਕਾਂ ਦਾ ਅਥਾਹ ਇਕੱਠ
ਬੋਲ ਜਾਂਦੇ ਨੇ ਫਿਰ ਵਿਤੋਂ ਬਾਹਰਾ
ਅਸੀਂ ਕਰਾ ਦਿੱਤੇ ਨੇ
ਏਨੇ ਸਭਿਆਚਾਰਕ ਮੇਲੇ
ਅਸੀਂ ਕਰਵਾਈਆਂ ਨੇ ਕਨਵੈਨਸ਼ਨ ਮਾਂ ਬੋਲੀ ਵਾਰੇ
ਅਸੀਂ ਕੀਤਾ ਹੈ ਇੰਨੇ ਲੋਕਾਂ ਨੂੰ ਜਾਗਰੂਕ
ਫਿਰ ਉਤਰਦੇ ਨੇ ਜਦ ਦੇ ਕੇ ਭਾਸ਼ਣ
ਹੁੰਦੀ ਹੈ ਇਨ੍ਹਾਂ ਦੇ ਦੀਦਿਆਂ 'ਚੋਂ ਇਕ
ਅਜੀਬ ਚਮਕ-
ਹੁੰਦਾ ਹੈ ਬੁੱਲ੍ਹਾਂ ਤੇ ਅਜਬ ਜਿਹਾ ਹਾਸਾ
ਪੁਛਦੇ ਨੇ ਫਿਰ ਨਾਲਦੇ ਸਾਥੀ ਨੂੰ
ਮਾਰ ਹੁੱਜ ਕਿਉਂ ਬਣੀ ਗੱਲ
ਫਿਰ ਜਦੋਂ ਜੰਮਦੀ ਹੈ ਮਹਿਫਲ
ਖੜਕਦੇ ਨੇ ਜਾਮ ਤੇ ਜਾਮ
ਆਉਂਦੀ ਹੈ ਫਿਰ ਕੋਈ ਲੜਖੜਾਉਂਦੀ ਆਵਾਜ਼
ਅੱਜ ਤਾਂ ਬਾਈ ਕਮਾਲ ਕਰ ਦਿੱਤੀ
ਬਿਨਾ ਸਾਜ਼ਾਂ ਦੇ ਧਮਾਲ ਪਾ ਦਿੱਤੀ।

ਪੈਰਾਂ ਤੋਂ ਥਿੜਕ ਰਹੇ ਸਭਿਆਚਾਰ ਬਾਰੇ
ਜਾਣੂ ਕਰਵਾਉਣ ਵਾਲਾ
ਜਦੋਂ ਡਗਮਗਾਉਂਦਾ ਹੋਇਆ
ਫਿਰ ਗੱਲ ਸੁਣ ਮੁਸਕਰਾਉਂਦਾ ਹੈ
ਸ਼ੀ ਸ਼ੀ ਬੁੱਲ੍ਹਾਂ ਤੇ ਉਂਗਲ ਰੱਖ
ਉਸ ਬੋਲਣ ਵਾਲੇ ਨੂੰ ਚੁੱਪ ਕਰਾਉਂਦਾ ਹੈ
ਇਸ ਤੋਂ ਬਾਅਦ ਇਕ
ਜਦੋਂ ਜਾਂਦਾ ਹੈ ਅੰਦਰ
ਉਹ ਸਭਿਆਚਾਰ ਦੀ ਰਾਖੀ ਕਰਨ ਵਾਲਾ
ਖ਼ੁਦ ਦੀ ਰਾਖੀ ਦੂਸਰਿਆਂ ਤੋਂ ਕਰਾਉਂਦਾ ਹੈ

ਦੂਜਿਆਂ ਦੇ ਮੋਢੇ ਜਦੋਂ ਅੱਪੜਦਾ ਹੈ ਘਰ
ਢੱਠੀ ਪੱਗ, ਪੈਂਟ 'ਚੋਂ ਨਿਕਲੀ ਕਮੀਜ਼
ਦੇਖ ਘਰ ਵਾਲੀ ਨੂੰ ਗੁੱਸਾ
ਆਉਂਦਾ ਹੈ।
ਉਹ ਸਭਿਆਚਾਰ ਦਾ ਰਾਖਾ
ਕੁਝ ਬੁੜਬੜਾਉਂਦਾ ਹੈ
ਸਣੇ ਬੂਟਾਂ ਉਹ ਅੱਧਾ ਬੈੱਡ ਤੇ ਅੱਧਾ ਥੱਲੇ
ਆਪਣਾ ਸਭਿਆਚਾਰ ਵੀ ਆਪਣੇ ਨਾਲ ਲੈ ਕੇ ਸੌਂ ਜਾਂਦਾ ਹੈ।
✪



## ਮੈਨੂੰ ਯਕੀਨ ਹੈ

ਮੈਨੂੰ ਯਕੀਨ ਹੈ
ਉਹ ਆਵੇਗੀ ਕਦੀ ਤਾਂ ਫੇਰਾ ਪਾਵੇਗੀ।
ਮੈਂ ਉਸ ਨੂੰ ਹਰ ਪਲ ਯਾਦ ਕਰਦਾ ਹਾਂ।
ਸ਼ਾਇਦ ਉਹ ਵੀ ਯਾਦ ਕਰਦੀ ਹੋਵੇ।
ਉਹ
ਮੈਨੂੰ ਅੱਜ ਤੋਂ ਤਕਰੀਬਨ ਪੰਜ ਸਾਲ
ਪਹਿਲਾਂ ਮਿਲੀ ਸੀ।
ਮੈਂ
ਉਸ ਨੂੰ ਦਿਲੋਂ ਪਿਆਰ ਕਰਨ ਲੱਗਾ
ਪਰ ਮੈਂ ਉਸ ਨੂੰ ਕਹਿ ਨਾ ਸਕਿਆ।
ਸ਼ਾਇਦ
ਇਹੀ ਮੇਰੀ ਕਮਜ਼ੋਰੀ ਸੀ
ਜਿਹੜੀ ਮੈਂ ਆਪਣੇ ਦਿਲ ਦੀ ਗੱਲ
ਕਿਸੇ ਨੂੰ ਕਹਿ ਨਹੀਂ ਸੀ ਸਕਦਾ।
ਮੈਨੂੰ ਲਗਦਾ ਹੈ
ਉਸ ਨੂੰ ਯਾਦ ਵੀ ਨੀ ਹੋਣਾ
ਕਿ ਕੋਈ ਮੇਰੀ ਉਡੀਕ ਕਰ ਰਿਹਾ ਹੈ।
ਕੋਸ਼ਿਸ਼ ਤਾਂ ਮੈਂ ਵੀ ਕੀਤੀ ਭੁੱਲਣ ਦੀ
ਪਰ ਭੁਲਾ ਨਹੀਂ ਸਕਿਆ।
ਇਕ ਅਜੀਬ ਤੜਪ
ਇਕ ਅਜੀਬ ਯਾਦ
ਮੇਰੇ ਦਿਲ ਵਿਚ ਘਰ ਕਰ ਗਈ ਹੈ।
ਮੈਂ ਨਾ ਚਾਹੁੰਦਾ ਹੋਇਆ ਵੀ ਉਡੀਕਦਾ ਰਹਿੰਦਾ ਹਾਂ।
ਜਿਵੇਂ ਕੋਈ ਨਾਰ
ਲਾਮ ਤੇ ਗਏ ਆਪਣੇ ਮਾਹੀ ਲਈ ਦੁਆਵਾਂ ਮੰਗਦੀ ਹੈ
ਉਸ ਤਰ੍ਹਾਂ
ਮੈਂ ਵੀ ਦੁਆ ਮੰਗਦਾ ਹਾਂ ਤੇਰੇ ਲਈ
ਕਿ ਤੂੰ ਜਿੱਥੇ ਰਹੇ ਰਾਜ਼ੀ ਖ਼ੁਸ਼ੀ ਰਹੇਂ।
✪

## ਫ਼ਖ਼ਰ

ਮੈਂ ਹੌਲ਼ੀ-ਹੌਲ਼ੀ ਖ਼ਤਮ ਹੋ ਰਿਹਾ ਹਾਂ
ਮੇਰਾ ਵਜੂਦ ਸ਼ਾਇਦ ਕੁਝ ਦਹਾਕਿਆਂ
ਦਾ ਮਹਿਮਾਨ ਹੋਵੇ
ਜਿਵੇਂ-ਜਿਵੇਂ
ਵਿਗਿਆਨ ਤਰੱਕੀ ਕਰ ਰਿਹਾ ਹੈ।
ਮੇਰੇ ਵਜੂਦ ਨੂੰ ਖ਼ਤਰਾ ਵਧ ਰਿਹਾ ਹੈ।
ਹੁਣ ਮੈਂ
ਅਮੀਰਾਂ ਲਈ ਖਿਲੌਣਾ ਹਾਂ।
ਤੇ ਗ਼ਰੀਬਾਂ ਲਈ ਇਕ ਆਸਰਾ ਹਾਂ।
ਕੁਝ ਕੁ ਦਹਾਕਿਆਂ ਬਾਅਦ
ਮੈਂ ਗੁਜ਼ਰੇ ਜ਼ਮਾਨੇ ਦੀ ਚੀਜ਼ ਹੋਵਾਂਗਾ।
ਮੈਂ ਨੁਮਾਇਸ਼ 'ਚੋਂ ਜਾਂ ਫਿਰ ਪ੍ਰਤੀਯੋਗਤਾਵਾਂ
ਵਿਚ ਦਿਖਾਈ ਦਿਆ ਕਰਾਂਗਾ
ਤੇ ਫਿਰ ਆਉਣ ਵਾਲੀ ਨਸਲ
ਮੈਨੂੰ ਇੰਝ ਤੱਕੇਗੀ ਜਿਵੇਂ ਮੈਂ
ਅਦਭੁਤ ਚੀਜ਼ ਹੋਵਾਂ।
ਜਿਵੇਂ ਬਾਹਰਲੇ ਮੁਲਕਾਂ ਦੇ ਬੱਚੇ
ਭਾਫ ਵਾਲੇ ਇੰਜਣ ਨੂੰ ਬੜੀ ਹੈਰਾਨ ਨਿਗ੍ਹਾ ਨਾਲ ਤੱਕਦੇ ਹਨ।
ਫਿਰ ਮੈਂ ਵੀ
ਉਨ੍ਹਾਂ ਲਈ ਖਿੱਚ ਦਾ ਕੇਂਦਰ ਬਣਾਂਗਾ
ਫਿਰ ਮੈਂ ਆਪਣੇ ਸਾਈਕਲ ਹੋਣ ਤੇ ਫ਼ਖ਼ਰ
ਮਹਿਸੂਸ ਕਰ ਸਕਾਂਗਾ।
✪



## ਪ੍ਰੇਰਣਾ

ਕਿਸੇ ਨਾ ਕਿਸੇ ਚੀਜ਼ ਲਈ
ਕੋਈ ਨਾ ਕੋਈ ਪ੍ਰੇਰਣਾ ਜ਼ਰੂਰੀ ਹੁੰਦੀ ਹੈ
ਮੇਰੀ ਕਵਿਤਾ ਪਿੱਛੇ
ਤੂੰ
ਮੇਰੀ ਪ੍ਰੇਰਣਾ ਬਣੀ
ਸ਼ਾਇਦ ਜੇ ਤੂੰ ਨਾ ਕਿਹਾ ਹੁੰਦਾ
ਆਪਣੇ ਤੇ ਕਵਿਤਾ ਲਿਖਣ ਨੂੰ
ਮੈਂ ਕੁਝ ਵੀ ਨਾ ਲਿਖਦਾ
ਤੇਰੇ 'ਤੇ ਕਵਿਤਾ ਲਿਖਣਾ
ਮੈਨੂੰ ਕਵੀ ਬਣਾ ਗਿਆ
ਮੇਰੇ
ਲਈ ਇਹ ਪ੍ਰੇਰਣਾ ਦਾ
ਸਰੋਤ ਬਣ ਗਿਆ।
ਮੈਂ
ਜੋ ਕੁਝ ਵੀ ਵੇਖਦਾ, ਸੁਣਦਾ
ਤੇ ਮਹਿਸੂਸ ਕਰਦਾ
ਉਸਨੂੰ ਆਪਣੇ ਸ਼ਬਦਾਂ
ਵਿਚ ਢਾਲ ਦਿੰਦਾ।
ਅਤੇ
ਇਹ ਇਕ ਕਵਿਤਾ ਬਣ ਜਾਂਦੀ।
✪

## ਜਦੋਂ ਸਾਡਾ ਪਿਆਰ ਹੋਇਆ

ਪਹਿਲਾਂ-ਪਹਿਲਾਂ ਜਦੋਂ ਸਾਡਾ ਪਿਆਰ ਹੋਇਆ
ਤਾਂ ਉਸ ਨੇ ਬੜੇ ਪਿਆਰ ਭਰੇ ਖ਼ਤ ਲਿਖਣੇ।
ਇਕ ਵਾਰ ਲਿਖਿਆ,
ਮੈਂ ਹਰ ਪਲ ਤੇਰੀ ਹਾਂ ਤੇ ਹਮੇਸ਼ਾ ਤੇਰੀ ਰਹਾਂਗੀ।
ਇੰਝ ਦਿਨੋਂ ਦਿਨ,
ਸਾਡਾ ਪਿਆਰ ਵਧਦਾ ਰਿਹਾ।
ਅਚਾਨਕ ਸਮੇਂ ਨੇ ਕਰਵਟ ਬਦਲੀ
ਉਸ ਨੇ ਕਿਹਾ ਮੇਰਾ ਦਿਲ
ਤਾਂ ਭਰ ਗਿਆ ਹੈ।
ਮੈਂ ਹੈਰਾਨ ਸਾਂ,
ਇਹ ਕੀ ਭਾਣਾ ਵਰਤ ਗਿਆ
ਮੇਰੇ ਦਿਲ ਵਿਚ ਹੌਲ ਜਿਹੇ
ਪੈਣ ਲੱਗੇ। ਜਿਹੜੀ ਕੱਲ੍ਹ
ਕਹਿੰਦੀ ਸੀ ਮੈਂ ਤੇਰੀ ਹਾਂ
ਹੁਣ ਸਾਥੋਂ ਮੂੰਹ ਮੋੜ ਰਹੀ ਹੈ।
ਆਖ਼ਰ ਗੱਲ ਕੀ ਹੈ?
ਗੱਲ ਅਸਲ ਵਿਚ
ਉਸ ਨੂੰ ਮੇਰੇ ਤੇ ਸ਼ੱਕ ਹੋ ਗਿਆ ਸੀ।
ਕੀ ਜੇ ਕਿਸੇ ਨਾਲ ਪਿਆਰ ਹੋਵੇ
ਉਸ ਤੋਂ ਬਗ਼ੈਰ ਇਹ ਦੁਨੀਆ ਨੂੰ ਤੱਕ ਨਹੀਂ ਸਕਦਾ?
ਜਾਂ ਗੱਲ ਨਹੀਂ ਕਰ ਸਕਦਾ।
ਬੱਸ ਇਹ ਮੇਰਾ ਕਸੂਰ ਸੀ।
ਉਸ ਦਾ ਵਿਸ਼ਵਾਸ ਮੇਰੇ ਤੋਂ
ਹੌਲ਼ੀ-ਹੌਲ਼ੀ ਉਠ ਗਿਆ ਸੀ
ਏਦਾਂ ਮੇਰੇ ਪਹਿਲੇ ਪਿਆਰ ਦਾ ਨਾਜ਼ੁਕ ਅੰਤ
ਹੋ ਗਿਆ।
✪



## ਮੈਂ ਨਾ ਕਹਾਂਗਾ

ਮੈਂ ਨਾ ਕਹਾਂਗਾ ਹੁਣ
ਉਹ ਗੱਲ ਜਿਸ ਨਾਲ
ਤੇਰੇ ਮਾਣ ਨੂੰ ਠੇਸ ਪਹੁੰਚੇ।
ਮੈਂ ਤਾਂ ਹੁਣ ਤੱਕ ਇਹੀ
ਕੋਸ਼ਿਸ਼ ਕੀਤੀ ਹੈ,
ਤੂੰ ਖ਼ੁਸ਼ ਰਹੇਂ, ਤੈਨੂੰ ਸਾਰੇ ਦੁੱਖ ਭੁੱਲ ਜਾਣ।
ਮੈਂ
ਇਹੀ ਦੁਆ ਕਰਦਾ ਰਹਾਂਗਾ
ਮੈਂ ਤੇਰਾ ਦੋਸਤ ਹਾਂ
ਤੇ ਦੋਸਤੀ ਦੀ ਹੱਦ ਤੱਕ
ਹੀ ਸੀਮਤ ਰਹਾਂਗਾ।
ਇਸ ਤੋਂ ਵੱਧ ਮੈਂ ਤੈਨੂੰ
ਕੋਈ ਗੱਲ ਨਾ ਕਹਾਂਗਾ।
ਫਿਰ ਵੀ ਜੇ ਅਣਜਾਣੇ
ਵਿਚ ਇਨ੍ਹਾਂ ਹੋਠਾਂ ਵਿਚੋਂ
ਤੇਰੇ ਮਾਣ ਸਨਮਾਨ ਪ੍ਰਤੀ
ਕੋਈ ਗ਼ਲਤ ਨਿਕਲ ਜਾਵੇ
ਤਾਂ ਮੈਂ ਤੈਥੋਂ ਮੁਆਫ਼ੀ ਮੰਗਦਾ ਰਹਾਂਗਾ।
✪

## ਉਹ ਬੋਲਦੇ ਝੂਠ ਗਏ

ਉਹ ਬੋਲਦੇ ਝੂਠ ਗਏ
ਅਸੀਂ ਸੱਚ ਸਮਝਦੇ ਗਏ
ਇਹ ਪਤਾ ਨੀ ਦਿਮਾਗ਼ ਤੇ ਪਰਦਾ ਸੀ
ਜਾਂ ਉਨ੍ਹਾਂ ਦੇ ਪਿਆਰ ਦਾ ਸਰੂਰ
ਜੋ ਵੀ ਗੱਲ ਕਰਦੇ ਸਾਨੂੰ ਸੱਚ ਜਿਹੀ ਲਗਦੀ
ਪਤਾ ਨਹੀਂ ਕਿਉਂ
ਮੈਂ ਹਰ ਵਾਰ ਆਪਣੇ ਆਪ ਨੂੰ ਕਹਿੰਦਾ
ਮੈਂ ਉਸ ਨੂੰ ਇਸ ਤਰ੍ਹਾਂ ਕਹਾਂਗਾ-ਇੰਝ ਕਹਾਂਗਾ
ਪਰ ਜਦੋਂ ਉਹ ਬੋਲਦੇ
ਤਾਂ ਮੈਂ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੰਦਾ।
✪



## ਦੁਸ਼ਮਣਾਂ ਤੋਂ ਖ਼ਤਰਾ ਨਹੀਂ

ਦੁਸ਼ਮਣਾਂ ਤੋਂ ਖ਼ਤਰਾ ਨਹੀਂ,
ਜਿਨ੍ਹਾਂ ਦੋਸਤਾਂ ਤੋਂ ਹੋ ਗਿਆ।
ਇਸ ਜ਼ਮਾਨੇ ਵਿਚ,
ਆਪਣਾ ਹੀ ਆਪਣਿਆਂ
ਤੋਂ ਬੇਗਾਨਾ ਹੋ ਗਿਆ।
ਕੱਢ ਲੈਂਦੇ ਨੇ ਮਤਲਬ
ਏਥੇ ਲੋਕ ਪਾਕੇ ਦੋਸਤੀ ਦਾ ਵਾਸਤਾ,
ਦੋਸਤੀ ਦਾ ਮਤਲਬ ਹੁਣ
ਪਿੱਠ ਵਿਚ ਛੁਰਾ ਖੋਭਣਾ ਹੋ ਗਿਆ।
ਮਤਲਬ ਹੋਵੇ ਤਾਂ
ਲੂਸ ਲੂਸ ਕਰਦੇ ਫਿਰਦੇ ਨੇ ਲੋਕ,
ਨਿਕਲਿਆ ਮਤਲਬ
ਤੂੰ ਕੌਣ ਤੇ ਮੈਂ ਕੌਣ ਹੋ ਗਿਆ।
ਆਈ ਨਾ ਸਮਝ ਮੈਨੂੰ
ਦੁਨੀਆ ਦੇ ਦਸਤੂਰਾਂ ਦੀ,
ਮੈਂ ਖਾ ਕੇ ਧੋਖੇ ਤੇ ਧੋਖਾ,
ਕਬਰਾਂ ਦੇ ਲਾਗੇ ਹੋ ਗਿਆ।
✪

## ਪਤਝੜ

ਆਈ ਬਸੰਤ ਸਿਰਫ਼ ਤੇਰੇ ਵਿਹੜੇ
ਸਾਡੇ ਵਿਹੜੇ ਹਮੇਸ਼ਾ ਪਤਝੜ ਰਹੀ
ਚੰਨ ਚਾਨਣੀਆਂ ਰਾਤਾਂ ਤੇਰੇ ਨਸੀਬਾਂ ਵਿਚ ਨੇ
ਸਾਡੇ ਤਾਂ ਮੱਸਿਆ ਦੀ ਕਾਲੀ ਰਾਤ ਰਹੀ।
ਤੇਰੇ ਹੋਠਾਂ ਵਿਚੋਂ ਰਿਹਾ ਸਦਾ ਹਾਸਾ ਫੁੱਟਦਾ,
ਸਾਡੀਆਂ ਅੱਖਾਂ ਵਿਚ ਸਦਾ ਹੰਝੂਆਂ ਦੀ ਝੜੀ ਰਹੀ
ਤੂੰ ਹੈ ਸ਼ਮ੍ਹਾ ਅਸੀਂ ਹਾਂ ਪਰਵਾਨੇ
ਸ਼ਮ੍ਹਾ ਵਿਚ ਸੜਨਾ ਪਰਵਾਨੇ ਦੀ ਤਕਦੀਰ ਰਹੀ।
ਗੁਲਾਬ ਦੇ ਫੁੱਲ ਤਾਂ ਖਿਲੇ ਤੇਰੀ ਫੁਲਵਾੜੀ ਵਿਚ
ਸਾਡੀ ਵਾੜੀ ਵਿਚ ਕੈਕਟਸ ਦੀ ਭਰਮਾਰ ਰਹੀ।
ਜ਼ਿੰਦਗੀ 'ਚ ਤਾਂ ਅੱਗੇ ਹੀ ਬਹੁਤ ਧੋਖੇ ਸਨ
ਫਿਰ ਦੁਹਰਾਉਣ ਦੀ ਕੀ ਲੋੜ ਸੀ ਤੈਨੂੰ
ਨਹੀਂ ਆਉਣਾ ਸੀ ਸਾਫ਼ ਕਹਿ ਦੇਣਾ ਸੀ
ਵਿੰਗ ਵਲਾਵਾਂ ਪਾਉਣ ਦੀ ਕੀ ਲੋੜ ਸੀ ਤੈਨੂੰ।
ਤੇਰੀ ਖ਼ਾਤਰ ਬਰਬਾਦ ਕੀਤਾ ਅਸੀਂ ਵਕਤ
ਕੀ ਤੇਰੀ ਫਿਤਰਤ ਨੇ ਇਹੀ ਸਿਖਾਇਆ ਸੀ ਤੈਨੂੰ
ਕਰਦੇ ਸੀ ਵੱਡੀਆਂ ਵੱਡੀਆਂ ਗੱਲਾਂ ਤੁਸੀਂ
ਇਕ ਛੋਟੀ ਜਿਹੀ ਤਾਂ ਗੱਲ ਨਿਭਾਉਣੀ ਆਈ ਨਾ ਤੈਨੂੰ।
ਕੀ ਕਹਿ ਦੇਣਾ ਸੀ ਅਸੀਂ ਤੈਨੂੰ
ਕੀ ਸਾਡੇ ਤੇ ਨਹੀਂ ਸੀ ਇਤਬਾਰ ਤੈਨੂੰ
ਛੱਡ ਪਰ੍ਹੇ ਰਹਿਣ ਦੇ ਹੁਣ ਸਫ਼ਾਈਆਂ ਨੂੰ
ਸੋਚ ਸਮਝ ਕੇ ਕਰਨਾ ਚਾਹੀਦਾ ਸੀ ਇਕਰਾਰ ਤੈਨੂੰ।
✪



## ਹਵਾਏ ਨੀ

ਪਲ ਪਲ ਦੀ ਖ਼ਬਰ ਰੱਖਣ ਵਾਲੀਏ ਹਵਾਏ ਨੀ,
ਸਾਨੂੰ ਵੀ ਸਾਡੇ ਯਾਰ ਦਾ ਪਤਾ ਦੱਸ ਜਾ
ਕਿਹੜੇ ਸ਼ਹਿਰ ਟਿਕਾਣਾ ਉਸ ਦਾ ਕਿਵੇਂ ਹੈ ਰਹਿੰਦਾ,
ਸਾਥੋਂ ਹੋਈ ਕਿਧਰੇ ਜਿਹੀ ਖਤਾ ਦੱਸ ਜਾ
ਲੈ ਲਵੀਂ ਤੂੰ ਸਭ ਕੁਝ ਸਾਡਾ ਹਵਾਏ ਨੀ
ਬਸ ਇਕ ਵਾਰ ਉਸ ਦੀ ਸੂਹ ਦੱਸ ਜਾ
ਭੁੱਲ ਗਿਆ ਹੈ ਜਾਂ ਹਾਲੇ ਵੀ ਕਰਦਾ ਹੈ ਯਾਦ,
ਮੇਰੀ ਕਸਮ ਹੈ ਤੈਨੂੰ ਤੂੰ ਸੱਚ-ਸੱਚ ਦੱਸ ਜਾ।
✪

## ਬਾਲ ਕੇ ਚਿਰਾ.ਗ

ਮੇਰੀ ਕਬਰ ਤੇ ਜਗਾਇਆ ਸੀ ਕਿਸੇ ਮਸਾਂ ਚਿਰਾ.ਗ
ਇਹ ਹਵਾਏ ਤੂੰ ਉਸ ਨੂੰ ਵੀ ਬੁਝਾ ਦਿੱਤਾ
ਮਸਾਂ ਮਿਲਿਆ ਸੀ ਉਸ ਦੀ ਵਫ਼ਾ ਦਾ ਸਬੂਤ
ਪਰ ਤੂੰ ਤਾਂ ਉਹ ਵੀ ਮਿਟਾ ਦਿੱਤਾ
ਗੁਜ਼ਰੇ ਕਬਰ ਤੋਂ ਬਹੁਤ ਝੱਖੜ ਤੂਫ਼ਾਨ
ਪਰ ਮੈਂ ਕਿਸੇ ਨੂੰ ਕੋਈ ਦੋਸ਼ ਨਾ ਦਿੱਤਾ
ਵਿਚੋਂ ਦਿਸਦੀ ਸੀ ਤਸਵੀਰ ਉਸਦੀ
ਜਿਉਂਦੇ ਜੀਅ ਮੈਨੂੰ ਕਦੇ ਪਿਆਰ ਨਾ ਦਿੱਤਾ
ਚਲ ਆਇਆ ਤਾਂ ਖ਼ਿਆਲ ਮੇਰੇ ਜਾਣ ਤੋਂ ਬਾਅਦ
ਬਾਲ ਕੇ ਚਿਰਾ.ਗ ਮਹਿਬੂਬਾ ਹੋਣ ਦਾ ਸਬੂਤ ਤਾਂ ਦਿੱਤਾ।
✪



## ਉਲਟਾ ਜਵਾਬ

ਉਹ ਖਫ਼ਾ ਨੇ ਇਸ ਲਈ ਸਾਡੇ ਤੋਂ
ਕਿ ਅਸੀਂ ਉਨ੍ਹਾਂ ਨੂੰ ਬਹੁਤ ਰੁਲਾਇਆ ਹੈ।
ਅਸੀਂ ਕਿਸ ਨੂੰ ਸੁਣਾਈਏ ਆਪਣਾ ਹਾਲੇ ਦਿਲ
ਜੋ ਅਸੀਂ ਆਪਣੇ ਦਿਲ ਤੇ ਹੰਢਾਇਆ ਹੈ।
ਇਕ ਅਰਸ਼ੇ ਬਾਅਦ ਪੁੱਛਦੇ ਨੇ ਹਾਲ ਸਾਡਾ
ਪਤਾ ਨੀ ਕਿਹੜਾ ਸੀ ਰੋਗ ਲਗਾਇਆ ਹੈ
ਭਰ ਗਿਆ ਜਦ ਦਿਲ ਸਾਥੋਂ ਮੂੰਹ ਮੋੜ ਲਿਆ।
ਸਾਡੇ ਤੇ ਬੇਵਫ਼ਾ ਹੋਣ ਦਾ ਦੋਸ਼ ਲਾਇਆ ਹੈ।
.ਗਲਤੀ ਹੁੰਦੀ ਹੈ ਹਰ ਇਨਸਾਨ ਤੋਂ
ਅਸੀਂ ਲੱਖ ਵਾਰ ਸਮਝਾਇਆ ਹੈ।
ਹੋ ਗਈ ਐ ਨ.ਫ਼ਰਤ ਨਾਲ ਸਾਡੇ
ਪਰ ਫਿਰ ਵੀ ਸਾਡੀ ਹਾਲਤ ਤੇ ਤਰਸ ਖਾਇਆ ਹੈ।
ਪੁੱਛਿਆ, ਕਿਉਂ ਪੁੱਛਿਆ ਹਾਲ ਸਾਡਾ
ਕਹਿੰਦੇ ਅਸੀਂ ਤਾਂ ਆਪਣਾ .ਫ਼ਰਜ਼ ਨਿਭਾਇਆ ਹੈ।
✪

## ਮੇਰੀ ਖ਼ਾਹਿਸ਼

ਮੈਂ ਹਰ ਵਾਰ ਕੋਸ਼ਿਸ਼ ਕੀਤੀ ਕਿ ਤੇਰਾ ਸਿਰਨਾਵਾਂ ਪੁੱਛਾਂ
ਪਰ ਮੈਂ ਹਰ ਵਾਰ ਝਿਜਕਿਆ ਹਾਂ
ਤੇ ਤੂੰ ਟਾਲਦੀ ਰਹੀ ਹੈਂ
ਚੁੱਪ ਦਾ ਪਰਦਾ ਸਦਾ ਤਣਿਆ ਰਿਹਾ ਹੈ।
ਸੱਚ ਕਹਿੰਦਾ ਹਾਂ ਕਿ ਮੈਨੂੰ ਤੇਰੇ ਸੰਗ ਮੋਹ ਹੋ ਗਿਆ
ਕਿਉਂਕਿ ਮੈਂ ਹਰ ਘੜੀ ਹਰ ਪਲ ਤੇਰੇ ਬਾਰੇ ਸੋਚਦਾ ਹਾਂ।
ਤੇਰੀ ਸੂਰਤ ਤੇਰੇ ਨੈਣ ਨਕਸ਼ ਹਰ ਸਮੇਂ
ਮੇਰੇ ਮਨ ਦੇ ਅੰਬਰਾਂ ਵਿਚ ਝਿਲਮਿਲਾਉਂਦੇ ਹਨ।
ਕਿਉਂਕਿ ਕਿੰਨੇ ਚਿਰ ਤੋਂ ਮੈਂ ਤੈਨੂੰ ਵੇਖਿਆ ਨਹੀਂ
ਮੈਂ ਤੇਰੇ ਦੀਦਾਰ ਲਈ
ਬਿਹਬਲ ਹੋ ਗਿਆ ਹਾਂ
ਕੀ ਤੇਰੇ ਮਨ ਵਿਚ ਅਜਿਹੀ ਤੜਪ ਨਹੀਂ ਹੈ?
ਜੋ ਤੈਨੂੰ ਮੇਰੇ ਨਾਲ ਮਿਲਣ ਲਈ ਉਕਸਾਉਂਦੀ ਹੋਵੇ
ਤੂੰ ਮੇਰੇ ਨਾਲ ਹਰ ਵਾਰ ਮਿਲਣ ਦਾ ਵਾਅਦਾ ਕੀਤਾ ਸੀ
ਪਰ ਤੈਨੂੰ ਮਿਲਣਾ ਤੈਨੂੰ ਵੇਖਣਾ ਮੇਰੇ ਨਸੀਬਾਂ ਵਿਚ ਨਹੀਂ
ਕੀ ਤੂੰ ਜਦ ਇਕੱਲੀ ਹੁੰਦੀ ਏਂ ਮੇਰੇ ਵਾਂਗ ਤੂੰ ਯਾਦ ਨਹੀਂ ਕਰਦੀ?
ਕੀ ਤੂੰ ਦੁਆ ਨਹੀਂ ਕਰਦੀ ਕਿ ਮੈਨੂੰ ਖੰਭ ਲੱਗ ਜਾਣ
ਤੇ ਮੈਂ ਉੱਡ ਕੇ ਮੇਰੇ ਕੋਲ ਪਹੁੰਚ ਜਾਵਾਂ?
ਫਿਰ ਆਪਾਂ ਇਕ ਦੂਜੇ ਨੂੰ ਤੱਕੀਏ, ਨਿਹਾਰੀਏ
ਬੋਲਾਂ ਦੀਆਂ ਅੰਮ੍ਰਿਤ ਘੁੱਟਾਂ ਪੀਵੀਏ
ਇਉਂ ਸੋਚਦਿਆਂ ਰਾਤ ਲੰਘ ਜਾਂਦੀ ਹੈ
ਅਤੇ ਫਿਰ ਰਾਤ ਤੋਂ ਅਗਲੇ ਦਿਨ
ਸਿਲਸਿਲਾ ਮੇਰੇ ਦਿਮਾਗ਼ ਵਿਚ ਨਿਰੰਤਰ ਚਲਦਾ ਰਹਿੰਦਾ ਹੈ
ਕਾਸ਼! ਤੂੰ ਮੇਰੀ ਤੜਪ ਮੇਰੀ ਤਮੰਨਾ ਮੇਰੀ ਖਾਹਿਸ਼
ਮੇਰੀ ਇੱਛਾ, ਮੇਰੀ ਨਿਰਬਲਤਾ, ਮੇਰੀ ਲਿਵ ਜਾਣ ਸਕੇ।
ਕਾਸ਼! ਕਾਸ਼!!
✪



## ਸੁੱਤੀ ਨਾ ਰਹਿ ਜਾਈਂ

ਨੀ ਤੂੰ ਸੁੱਤੀ ਨਾ ਰਹਿ ਜਾਈਂ,
ਅੱਜ ਦੇ ਪੁਨੂੰ ਦਗ਼ਾ ਕਮਾਉਂਦੇ
ਛੱਡ ਜਾਣਗੇ ਇਹ ਤੈਨੂੰ,
ਮੁੜ ਕੇ ਇਹ ਨੀ ਫੇਰਾ ਪਾਉਂਦੇ

ਫਿਰ ਰੋਵੇਂਗੀ ਬਹਿਕੇ,
ਜਦ ਇਹ ਮਿਲਣੇ ਨਹੀਂ ਤੈਨੂੰ
ਰੂਹ ਤੇਰੀ ਭਟਕੇਗੀ,
ਦੁਨੀਆ ਪਾਗ਼ਲ ਕਹੇਗੀ ਤੈਨੂੰ
ਇਹ ਕਰਦੇ ਜੋ ਵਾਅਦੇ
ਮੁੜਕੇ ਕਦੇ ਨਹੀਂ ਨਿਭਾਉਂਦੇ

ਇਹ ਚਮਕੇ ਨੇ ਜਿਹੜੇ,
ਤੇਰੀ ਜ਼ਿੰਦਗੀ 'ਚੋਂ ਪਿਆਰੇ ਬਣਕੇ
ਤੇਰਾ ਰਸ ਚੂਸ ਕੇ ਨੀ,
ਇਨ੍ਹਾਂ ਉੱਡ ਜਾਣਾ ਭੌਰੇ ਬਣਕੇ
ਫਿਰ ਲੱਭੇਂਗੀ ਕਿੱਥੇ,
ਇਹ ਤਾਂ ਫਿਰਨ ਫੁੱਲਾਂ ਤੇ ਮੰਡਰਾਉਂਦੇ

ਇਹ ਜਾਨਣ ਮਤਲਬ ਨਾ ਪਿਆਰ ਦਾ,
ਰੂਪ ਤੇ ਹੋਏ ਫਿਰਨ ਸ਼ੁਦਾਈ,
ਪਲ ਵਿਚ ਪਾਉਂਦੇ ਪਿਆਰ ਨੇ,
ਦਿੰਦੇ ਦੂਜੇ ਪਲ ਜੁਦਾਈ
ਫਿਰ ਰੂਪ ਹੰਢਾ ਕੇ ਨੀ,
ਮੁੜ ਕੇ ਫੇਰਾ ਨਹੀਂ ਏ ਪਾਉਂਦੇ

ਜੇ ਪਾ ਲਿਆ ਪਿਆਰ ਤੂੰ,
ਕਰੀਂ ਨਾ ਇਨ੍ਹਾਂ ਦੇ ਜਿਸਮ ਹਵਾਲੇ
ਕਰੀਂ ਇਤਬਾਰ ਨਾ ਇਨ੍ਹਾਂ ਤੇ,
ਚਾਹੇ ਜਿੰਨਾ ਮਰਜ਼ੀ ਦੇਣ ਹਵਾਲੇ
ਜਦ ਤੱਕ ਦੁਨੀਆ ਦੇ ਸਾਹਮਣੇ
ਤੇਰੀ ਮਾਂਗ ਨਹੀਂ ਸਜਾਉਂਦੇ

ਤੂੰ ਸੰਭਲ ਜਾ ਕੁੜੀਏ,
ਫੜ ਨਾ ਇਨ੍ਹਾਂ ਦਾ ਤੂੰ ਪੱਲਾ
ਫਿਰ ਥਲਾਂ 'ਚ ਭਟਕੇਂਗੀ,
ਤੈਨੂੰ ਛੱਡ ਜਾਣਗੇ ਕੱਲਾ
ਲੰਘੇ ਦਿਨ ਜਵਾਨੀ ਦੇ,
ਮੁੜ ਕੇ ਕਦੀ ਨਹੀਂ ਆਉਂਦੇ।
✪



## ਰੱਖੇ ਨੇ ਬੂਹੇ ਢੋਅ

ਆਪਣੇ ਮਿਲਣ ਦੀ ਆਸ ਹੁਣ, ਮੱਧਮ ਗਈ ਹੈ ਹੋ।
ਫਿਰ ਵੀ ਤਮੰਨਾ ਮੇਲਦੀ, ਮਘਦੀ ਪਈ ਹੈ ਜੋ।
ਮੇਰੇ ਵਜੂਦ ਉੱਤੇ ਪੀੜਾਂ ਦਾ ਗਰਦਾ ਜੰਮਿਆਂ
ਆਵੇਂ ਤਾਂ ਮੁਸਕਰਾ ਕੇ ਇਨ੍ਹਾਂ ਨੂੰ ਦੇਵੇ ਧੋ।
ਯਾਦਾਂ 'ਚ ਹਰ ਸਮੇਂ ਮੈਂ ਰਹਿੰਦਾ ਹਾਂ ਡੁੱਬਿਆ
ਹਸਦਾ ਕਦੇ ਹਾਂ ਚਹਿਕਦਾ, ਪੈਂਦਾ ਕਦੇ ਹਾਂ ਰੋ
ਮੇਰੇ ਆਕਾਸ਼ ਉਤੇ ਛਾਈਆਂ ਨਿਰਾਸ਼ਤਾਵਾਂ
ਮੈਂ ਸੋਚਦਾਂ ਕਦੋਂ ਕੁ ਹੋਵੇਗੀ ਮੋਹ ਦੀ ਲੋਅ।
ਮੇਰੇ ਤਾਂ ਹਰ ਸਮੇਂ ਹੀ, ਖੁੱਲ੍ਹੇ ਦੁਆਰ ਨੇ,
ਆਪਣੀ ਹਯਾਤ ਦੇ ਤੂੰ ਰੱਖੇ ਨੇ ਬੂਹੇ ਢੋਅ।
✪

## ਉਡੀਕ

ਮੈਂ ਤਾਂ ਉਸ ਦਿਨ ਦੀ ਉਡੀਕ ਕਰ ਰਹੀ ਹਾਂ
ਜਿਸ ਦਿਨ ਤੂੰ
ਮੁੜ ਮੇਰੀ ਜ਼ਿੰਦਗੀ ਵਿਚ ਦਾਖ਼ਲ ਹੋਵੇਂ
ਤ੍ਰੇਲ ਬਣ ਕੇ ਮੇਰੇ ਮੂੰਹ ਨੂੰ ਧੋਵੇਂ
ਫਿਰ ਮੈਂ ਤੈਨੂੰ ਕਹਾਂ
ਆ ਦੇਖ-ਦੇਖ ਮੇਰੇ ਦਿਲ ਦੇ
ਅੱਲ੍ਹੇ ਜ਼ਖ਼ਮ ਜਿਨ੍ਹਾਂ ਤੇ
ਹਾਲੇ ਖਰਿੰਡ ਵੀ ਨਹੀਂ ਆਏ
ਕਿੱਦਾਂ ਤੈਨੂੰ ਉਡੀਕ ਰਹੇ ਨੇ
ਵੇਖ ਇਨ੍ਹਾਂ ਨੇ ਤੇਰੀ ਯਾਦ ਵਿਚ
ਕੀਕਣ ਖਾਰਾ ਪਾਣੀ ਵਹਾ ਕੇ
ਆਪਣੀ ਹੋਂਦ ਗਵਾਈ ਏ
ਆ ਵੇਖ ਮੇਰੇ ਹੱਥ
ਜਿਨ੍ਹਾਂ ਨੂੰ ਕਦੇ ਤੂੰ ਆਪਣੇ ਹੱਥਾਂ
ਵਿਚ ਲੈ ਕੇ ਚੁੰਮਦਾ ਰਹਿੰਦਾ ਸੀ
ਇਨ੍ਹਾਂ ਦੀਆਂ ਉਂਗਲਾਂ ਨੂੰ ਨਰਮਾਹਾਂ
ਦੀਆਂ ਫਲ਼ੀਆਂ ਕਿਹਾ ਕਰਦਾ ਸੀ
ਵੇਖ ਉਨ੍ਹਾਂ ਨੇ ਤੇਰੀ ਯਾਦ ਵਿਚ ਤੈਨੂੰ ਖ਼ਤ
ਲਿਖ-ਲਿਖ ਤੇਰੇ ਲਈ ਦੁਆਵਾਂ ਮੰਗ-ਮੰਗ
ਕੀ ਹਾਲਤ ਬਣਾਈ ਏ
ਆਹ ਹੋਠ ਜਿਨ੍ਹਾਂ ਨੂੰ ਤੂੰ
ਗੁਲਾਬ ਦੀਆਂ ਪੱਤੀਆਂ ਕਹਿੰਦਾ ਸੀ
ਦੇਖ ਉਨ੍ਹਾਂ ਦਾ ਰੰਗ ਉੱਡ ਗਿਆ ਹੈ
ਔਸੀਆਂ ਪਾ-ਪਾ ਕੇ
ਫਿਰ ਸੋਚਦੀ ਹਾਂ
ਜੇ ਕਿਤੇ ਤੂੰ ਮੁੜ ਆਵੇਂ
ਤਾਂ ਤੂੰ....
ਮੈਨੂੰ ਪਹਿਚਾਣ ਸਕੇਂਗਾ
ਜਾਂ
ਸ਼ਾਇਦ ਪਹਿਚਾਨਣ ਤੋਂ ਇਨਕਾਰ ਕਰ ਦੇਵੇਂ
✪



## ਇਲਜ਼ਾਮ

ਤੂੰ ਕਿਸ ਤਰ੍ਹਾਂ ਕਹਿ ਦਿੱਤਾ
ਕਿ ਮੈਂ ਤੇਰੀਆਂ ਖ਼ੁਸ਼ੀਆਂ ਦੀ ਜ਼ਿੰਮੇਵਾਰ ਹੋਵਾਂਗੀ?
ਕੀ ਤੈਨੂੰ ਪਤੈ?
ਕਿ ਮਰਦ ਪ੍ਰਧਾਨ ਦੁਨੀਆ ਵਿਚ
ਸਿਰਫ਼ ਮਰਦ ਤੇ ਸਿਰਫ਼ ਮਰਦ ਜ਼ਾਤ ਦੀ ਹੀ ਚਲਦੀ ਹੈ
ਜੇ ਹੁਣ ਤੂੰ ਹੀ ਹੌਸਲਾ ਛੱਡ ਦਿੱਤਾ
ਤਾਂ ਤੂੰ ਮੈਥੋਂ ਕੀ ਉਮੀਦ ਰੱਖ ਸਕਦਾ ਹੈਂ
ਜੇ ਤੂੰ ਕੋਲ ਹੋਵੇਂ
ਮੈਂ ਤਾਂ ਤਾਂ ਹੀ ਕੁਝ ਕਰ ਸਕਦੀ ਹਾਂ
ਮੈਂ ਤਾਂ ਆਪਣੇ ਮਾਂ-ਪਿਉ ਵਾਰੇ
ਲੋਕ ਲਾਜ ਵਾਰੇ ਵੀ ਸੋਚਣਾ ਹੈ।
ਹਾਂ-
ਜੇ ਤੇਰੇ ਵਿਚ ਹਿੰਮਤ ਹੈ
ਤੇ ਤੂੰ ਕੋਸ਼ਿਸ਼ ਕਰੇਂ ਤਾਂ ਹਾਲੇ ਵੀ
ਆਪਣੀ ਸੁੰਨੀ ਜ਼ਿੰਦਗੀ ਵਿਚ
ਬਹਾਰ ਆ ਸਕਦੀ ਹੈ।
ਨਹੀਂ ਫਿਰ ਤਾਂ-
ਆਪਣੀ ਜ਼ਿੰਦਗੀ ਨਦੀ ਦੇ
ਦੋ ਕਿਨਾਰਿਆਂ ਦੀ ਤਰ੍ਹਾਂ ਹੈ
ਜੋ ਆਪਸ ਵਿਚ ਕਦੇ ਨਹੀਂ ਮਿਲਦੇ
ਪਰ ਹਮੇਸ਼ਾ ਇਕੋ ਸਾਰ ਨੇ।
✪

## ਦੱਸਣਾ ਚਾਹੁੰਦਾ ਹਾਂ

ਜਿੱਥੋਂ ਤੱਕ ਮੈਨੂੰ ਯਾਦ ਹੈ,
ਮੈਂ ਤਾਂ ਤੇਰੇ ਨਾਲ
ਅਜਿਹਾ ਕੋਈ ਵਾਅਦਾ ਨਹੀਂ ਕੀਤਾ
ਜਿਸ ਵਿਚ
ਅਸਮਾਨੋਂ ਤਾਰੇ ਤੋੜ ਲਿਆਉਣ ਵਾਲੀ
ਗੱਲ ਕੀਤੀ ਹੋਵੇ
ਜਾਂ ਅਜਿਹੀ ਚੀਜ਼
ਜੋ ਮੇਰੇ ਵੱਸ ਵਿਚ ਨਾ ਹੋਵੇ
ਹਾਂ ਇੰਨਾ ਜ਼ਰੂਰ ਕਿਹਾ ਸੀ
ਕਿ ਮੈਂ ਤੇਰੇ ਲਈ
ਆਪਣੀ ਜਾਨ ਜ਼ਰੂਰ ਦੇ ਸਕਦਾ ਹਾਂ
ਜੋ ਮੇਰੀ ਹੈ,
ਜਾਂ ਹੁਣ ਇਸੇ ਤੇ ਤੇਰਾ ਵੀ ਹੱਕ ਹੈ
ਉਹ ਜਿਹੜੀ ਚੀਜ਼ ਮੇਰੀ ਹੈ,
ਉਸ ਤੇ ਤੇਰਾ ਵੀ
ਉੱਨਾ ਹੱਕ ਹੈ,
ਜਿੰਨਾ ਤੇਰੀ ਚੀਜ਼ ਤੇ ਮੇਰਾ ਹੱਕ
ਹਾਂ ਜੇ ਹਾਲੇ ਵੀ ਤੂੰ
ਮੈਨੂੰ ਅਜ਼ਮਾਉਣਾ ਚਾਹੁੰਦੀ ਹੈਂ
ਤਾਂ ਬੇਸ਼ੱਕ ਅਜ਼ਮਾ
ਪਰ
ਮੈਂ ਤੈਨੂੰ ਦੱਸ ਦੇਣਾ ਚਾਹੁੰਦਾ ਹਾਂ
ਕਿ ਪਿਆਰ ਤਾਂ ਸਿਰਫ਼ ਵਿਸ਼ਵਾਸ
ਦੀਆਂ ਨੀਹਾਂ ਤੇ ਹੁੰਦਾ ਹੈ
ਜੇ ਰੱਤੀ ਭਰ ਡੋਲਿਆ
ਤਾਂ ਸਮਝੀਂ ਇਸ ਵਿਚ ਤ੍ਰੇੜਾਂ ਆਉਣੀਆਂ ਸ਼ੁਰੂ
ਜਿਹੜੀਆਂ ਕਿ ਮੁੜ ਕਿਸੇ ਕੀਮਤ ਤੇ ਵੀ
ਨਹੀਂ ਭਰਦੀਆਂ
ਆਖ਼ਰ ਇਸ ਨੂੰ ਤਬਾਹ ਕਰ ਛੱਡਦੀਆਂ ਹਨ।
✪



## ਮੈਂ ਰੋਵਾਂ ਬੈਠ ਇਕੱਲੀ

ਚੁੱਪ-ਚੁੱਪ ਰਹਿੰਦੀ ਮੈਂ ਇਕੱਲੀ
ਲੋਕੀ ਆਖਣ ਖਾਧੀ ਮਾਰ ਅਵੱਲੀ
ਖਿੜ ਖਿੜ ਹੱਸਾਂ ਜਦ ਮੈਂ ਸੱਜਣਾ
ਤਾਂ ਲੋਕੀ ਆਖਣ ਝੱਲੀ
ਲੋਕੀ ਮਾਰਦੇ ਮੈਨੂੰ ਤਾਹਨੇ
ਮੈਂ ਰੋਵਾਂ ਬੈਠ ਇਕੱਲੀ
ਆਜਾ ਸੱਜਣਾ ਲੈ ਜਾ ਵੇ ਮੈਨੂੰ
ਨਾ ਇਹ ਪੀੜ ਵੇ ਜਾਂਦੀ ਝੱਲੀ
ਭੁਲਾ ਕੇ ਕਾਹਤੋਂ ਬਹਿ ਗਿਆ ਮੈਨੂੰ
ਮੇਰੀ ਜਿੰਦ ਦੁੱਖਾਂ ਨੇ ਮੱਲੀ
ਦਰਸ ਦਿਖਾ ਜਾ ਜਾਂਦੀ ਵਾਰੀ
ਜਿੰਦ ਵੇ ਮੇਰੀ ਨਿਕਲ ਵੇ ਚੱਲੀ
ਤੱਕ-ਤੱਕ ਰਾਹਾਂ ਅੱਖਾਂ ਪੱਥਰ
'ਰਵੀ' ਦਿਲ ਭਰ ਆਉਂਦਾ ਮੱਲੋ-ਮੱਲੀ
✪

## ਸ਼ਿਕਵਾ ਤਾਂ ਮੈਨੂੰ ਹੈ

ਸ਼ਿਕਵਾ ਤਾਂ ਮੈਨੂੰ ਹੈ
ਆਪਣੀ ਕਿਸਮਤ ਦੇ ਨਾਲ
ਕੋਈ ਗਿਲਾ ਨਹੀਂ ਮੈਨੂੰ ਤੇਰੇ ਨਾਲ।
ਵਿਖਾ ਕੇ ਕਿਸਮਤ ਨੇ ਚੰਦ ਕੁ ਖ਼ੁਆਬ
ਸਾਡਾ ਮਿੱਟੀ ਵਿਚ ਰੋਲਤਾ ਸ਼ਬਾਬ।
ਬਣਾਈ ਨਾ ਤੂੰ ਰੱਬਾ
ਕਿਸਮਤ ਮੇਰੇ ਵਰਗੀ ਕਿਸੇ ਦੀ
ਬਿਰਹਾ 'ਚ ਸੜੇ ਨਾ ਅੱਗ ਵਰਗੀ ਜਵਾਨੀ ਕਿਸੇ ਦੀ
ਰੱਖਿਆ ਸੀ ਮੈਂ ਤਾਂ ਤੈਨੂੰ ਬਣਾ ਕੇ ਰਾਜਾ ਦਿਲ ਦਾ
ਪਰ ਤੂੰ ਬਣ ਨਾ ਸਕਿਆ ਮੇਰੇ ਦਿਲ ਦਾ ਰਾਜਾ
ਅੰਬਰਾਂ ਨੂੰ ਛੂਹਣ ਦੀ ਕੋਸ਼ਿਸ਼ ਮੈਂ ਵੀ ਕੀਤੀ
ਕਿਸਮਤ ਨੇ ਦਿੱਤੀ ਪਟਖਣੀ,
ਮੁੜ ਅੰਬਰ ਤੱਕਣ ਦੀ ਕੋਸ਼ਿਸ਼ ਨਾ ਕੀਤੀ
ਤਰਨਾ ਚਾਹੁੰਦਾ ਸਾਂ ਇਸ਼ਕ ਸਾਗਰ ਕਿਸਮਤ ਦੇ ਸਹਾਰੇ
ਪਰ ਰਾਸ ਨਾ ਆਏ ਮੈਨੂੰ ਕਿਸਮਤ ਦੇ ਸਹਾਰੇ
✪



## ਕਰ ਖੁਆਰ ਗਈ

ਉਹ ਤਿੱਖੇ ਨੈਣਾਂ ਵਾਲੀ
ਕਣਕ ਜਿਹੇ ਰੰਗ ਦੀ
ਇਹ ਪਹਿਲੀ ਨਜ਼ਰੇ
ਸਾਡੇ ਤੇ ਕਰ ਵਾਰ ਗਈ
ਉਹਦਾ ਟੇਢਾ ਜਿਹਾ ਤੱਕਣਾ
ਤੇ ਫਿਰ ਨਿੰਮਾ ਜਿਹਾ ਹੱਸਣਾ
ਲੈ ਬੁੱਲ੍ਹਾਂ ਵਿਚ ਚੁੰਨੀ
ਕਰ ਅੱਖਾਂ ਚਾਰ ਗਈ
ਉਹ ਤੁਰਦੀ ਮੇਲ੍ਹਦੀ ਜਾਂਦੀ
ਗੁੱਤ ਸੱਪਣੀ ਵਾਂਗ ਵਲ ਖਾਂਦੀ
ਸਾਡੇ ਸੀਨੇ ਤੇ ਕਰ ਵਾਰ ਗਈ
ਕਰਦੇ ਨੇ ਮੁੰਡੇ ਗੱਲਾਂ,
ਮੱਲ੍ਹਾਂ ਫਿਰਦੇ ਮਾਰਨ ਨੂੰ
ਉਹ ਸਾਰਿਆਂ ਨੂੰ ਕਰ ਖੁਆਰ ਗਈ।
✪

## ਚੁੱਪ ਦਾ ਜ਼ਿੰਦਰਾ

ਜਦ ਵੀ ਆਈ ਉਹ ਯਾਦ ਮੈਨੂੰ
ਮੈਂ ਤਸਵੀਰ ਨੂੰ ਗਲ ਨਾਲ ਲਾ ਲਿਆ।
ਦਿਲ ਭਰ ਆਵੇ ਜਦ ਵੀ ਸਾਡਾ
ਦਿੱਤੇ ਰੁਮਾਲ ਨੂੰ ਅੱਖਾਂ ਨਾਲ ਛੁਆ ਲਿਆ।
ਹੁਣ ਗਿਲੇ ਸ਼ਿਕਵੇ ਤਾਂ ਸੰਭਵ ਨਹੀਂ
ਕਦੇ ਮਿਲਾਂਗੇ ਕਹਿ ਦਿਲ ਟਿਕਾ ਲਿਆ
ਤੇਰੀਆਂ ਯਾਦਾਂ ਤੇਰੀਆਂ ਬਾਤਾਂ ਨੂੰ
ਮੈਂ ਇਕ-ਇਕ ਕਰ ਕਾਗਜ਼ ਤੇ ਵਾਅ ਲਿਆ
ਹੋਇਆ ਜਦ ਵੀ ਜ਼ਿਕਰ ਤੇਰਾ ਮਹਿਫ਼ਲ ਵਿਚ
ਆਪਣੇ ਬੁੱਲ੍ਹਾਂ ਨੂੰ ਚੁੱਪ ਦਾ ਜ਼ਿੰਦਰਾ ਲਾ ਲਿਆ।
✪



## ਖ਼ੁਸ਼ਬੂ ਮਰਦੀ ਨਹੀਂ

ਕਿੰਨਾ ਵੀ ਮਸਲ ਦਿਉ ਫੁੱਲ ਨੂੰ
ਪਰ ਮਿਟਾ ਨਾ ਸਕੋਗੇ ਉਸ ਦੀ ਖ਼ੁਸ਼ਬੂ ਨੂੰ
ਤੋੜੋਗੇ ਜੇ ਕਿਸੇ ਚੀਜ਼ ਨੂੰ ਜੁੜ ਤਾਂ ਜਾਵੇਗੀ
ਪਰ ਮਿਟਾ ਨਾ ਸਕੋਗੇ ਉਸ ਵਿਚ ਆਈ ਤ੍ਰੇੜ ਨੂੰ
ਕਰ ਲਵੋਗੇ ਪਰਿੰਦੇ ਨੂੰ ਕੈਦ ਪਿੰਜਰੇ ਵਿਚ
ਪਰ ਕਿੱਦਾਂ ਕੈਦ ਕਰੋਗੇ ਉਸਦੀ ਸੋਚ ਨੂੰ
ਰਹਿਣਾ ਹੈ ਜੇ ਇਸ ਦੁਨੀਆ ਵਿਚ
ਮੰਨਣਾ ਪਵੇਗਾ ਇਸ ਦੁਨੀਆ ਦੇ ਦਸਤੂਰ ਨੂੰ
ਘੋਲੋਗੇ ਜੇ ਆਜ਼ਾਦ ਫਿਜ਼ਾ ਵਿਚ ਜ਼ਹਿਰ
ਬਚਾ ਨਾ ਸਕੋਗੇ ਤੁਸੀਂ ਉਸ ਤੋਂ ਆਪਣੇ ਆਪ ਨੂੰ
✪

## ਇਹ ਆਸ ਨਹੀਂ ਸੀ

ਭੁੱਲ ਜਾਵੇਗਾ ਇਕ ਦਿਨ ਤੂੰ ਵੀ ਸਾਨੂੰ
ਪਤਾ ਸੀ ਪਰ ਏਨੀ ਛੇਤੀ ਇਹ ਆਸ ਨਹੀਂ।

ਵਕਤ ਨੂੰ ਲੰਘਾਉਣਾ ਕਿਸੇ ਤਰ੍ਹਾਂ ਇਹ ਤੇਰੀ ਆਦਤ ਸੀ।
ਪਰ ਚੰਗੇ ਦੋਸਤ ਬਣਾਉਣਾ ਮੇਰੀ ਆਦਤ ਸੀ।

ਪਤਾ ਨੀ ਕਿੰਨੇ ਦਿਲਾਂ ਉੱਤੇ ਕੀਤਾ ਤੂੰ ਵਾਰ
ਪਰ ਮੇਰੇ ਦਿਲ ਵਿਚੋਂ ਉੱਠੀ ਵੱਖਰੀ ਜਿਹੀ ਚੀਸ ਸੀ।

ਦੋ ਬੋਲ ਪਿਆਰ ਦੇ ਸੁਣਕੇ ਕਿਸੇ ਦਾ ਹੋ ਜਾਣਾ
ਇਹ ਸਭ ਤੋਂ ਵੱਡੀ ਮੇਰੀ ਕਮਜ਼ੋਰੀ ਸੀ

ਭੁੱਲਣ ਦੀ ਕੋਸ਼ਿਸ਼ ਕਰਾਂਗਾ ਮੈਂ ਵੀ ਤੈਨੂੰ
ਸਮਝਾਵਾਂਗਾ ਦਿਲ ਨੂੰ ਜੋ ਬੀਤਿਆ ਇਕ ਸੁਪਨਾ ਸੀ।

✪



## ਹੌਲ਼ੀ-ਹੌਲ਼ੀ

ਜਦ ਚੰਨ ਚਾਨਣੀ ਰਾਤ ਨੂੰ ਸੱਜਣਾ
ਗੱਲ ਕੋਈ ਤੇਰੀ ਛਿੜ ਜਾਂਦੀ ਹੈ
ਵਹਿੜੇ ਲੱਗੀ ਰਾਤ ਦੀ ਰਾਣੀ
ਗੱਲਾਂ ਤੇਰੀਆਂ ਸੁਣ ਖਿੜ ਜਾਂਦੀ ਹੈ

ਗੱਲਾਂ ਮੇਰੀ ਰੂਹ ਜਦ ਤੇਰੀ ਰੂਹ ਨਾਲ ਕਰਦੀ
ਰੂਹ ਮੇਰੀ ਫਿਰ ਉੱਡਜੂੰ ਉੱਡਜੂੰ ਕਰਦੀ
ਫੁੱਲਾਂ ਵਾਂਗੂੰ ਰੂਹ ਮੇਰੀ ਉਸ ਵੇਲੇ ਖਿੜ ਜਾਂਦੀ ਹੈ

ਹੌਲ਼ੀ-ਹੌਲ਼ੀ ਜੱਗ ਤੋਂ ਚੋਰੀ ਗੱਲਾਂ ਕਰਦੇ-ਕਰਦੇ
ਅਸੀਂ ਹੁੰਗਾਰਾ ਭਰਦੇ-ਭਰਦੇ
ਪਹਿਰ ਆਖ਼ਰੀ ਰਾਤ ਦੇ ਜਾ ਵੜਦੇ ਹਾਂ
ਰੂਹ ਤੇਰੀ ਫਿਰ ਆਉਣ ਦਾ ਵਾਅਦਾ ਕਰਕੇ
ਦੂਰ ਕਿਤੇ ਫਿਰ ਤੁਰ ਜਾਂਦੀ ਹੈ

ਦਿਨ ਵੀ ਚੜ੍ਹਦੇ ਉਦਾਸੇ-ਉਦਾਸੇ
ਲੌਢੇ ਵੇਲੇ ਵੀ ਨਿਰਾਸ਼ੇ-ਨਿਰਾਸ਼ੇ
ਸ਼ਾਮ ਵੀ ਮੈਥੋਂ ਪਾਸਾ ਵੱਟ ਕੇ
ਪਤਾ ਨੀ ਕਿਹੜੀ ਗਲੀ ਲੰਘੀ ਜਾਂਦੀ ਹੈ।

ਗੱਲ ਕੋਈ ਜਦ ਲੋਕਾਂ ਦੀ ਚੁਭਦੀ
ਸੀਨੇ ਵਿਚ ਕਟਾਰੀ ਖੁਭਦੀ
ਘੁੱਟ-ਘੁੱਟ ਰੱਖੀ ਯਾਦ ਕੋਈ ਤੇਰੀ
ਮੁੱਠੀ ਵਿਚੋਂ ਹੌਲ਼ੀ-ਹੌਲ਼ੀ ਕਿਰ ਜਾਂਦੀ ਹੈ।

✪

# ਅੰਮ੍ਰਿਤ ਘੋਲ ਲਵਾਂ

ਦਿਲ ਕਰਦਾ ਬਹਿ ਕੇ ਕੋਲ ਤੇਰੇ,
ਅੱਜ ਦਿਲ ਦੇ ਵਰਕੇ ਫੋਲ ਲਵਾਂ
ਹਰ ਰੋਜ਼ ਮੈਂ ਤੈਨੂੰ ਮਿਲਣੇ ਦਾ,
ਕੋਈ ਨਵਾਂ ਬਹਾਨਾ ਟੋਲ੍ਹ ਲਵਾਂ

ਪਾ ਅੱਖਾਂ ਵਿਚ ਅੱਖਾਂ ਦੋਵੇਂ
ਬਹਿ ਜਾਈਏ ਨਾ ਮੈਂ ਬੋਲਾਂ ਨਾ ਤੂੰ ਬੋਲੇਂ
ਤੂੰ ਕਿੰਨਾ ਕੀਤਾ ਯਾਦ ਮੈਨੂੰ,
ਤੇਰੇ ਨੈਣਾਂ 'ਚੋਂ ਮੈਂ ਟੋਲ ਲਵਾਂ

ਕਰਨੀਆਂ ਤੇਰੇ ਨਾਲ ਗੱਲਾਂ,
ਜਾਵਾਂ ਨਾ ਮੈਂ ਭੁੱਲ ਤੂੰ ਰੁਕ ਸੱਜਣਾ
ਮੈਂ ਆਪਣੇ ਗ਼ਮ ਦੀ ਕਾਪੀ ਨੂੰ,
ਮੈਂ ਫਿਰ ਤੋਂ ਜਰਾ ਕੁ ਖੋਲ੍ਹ ਲਵਾਂ

ਆ ਬਹਿ ਜਾ ਮੈਂ ਤੈਨੂੰ ਕੁਝ ਦੱਸਾਂਗਾ,
ਨਾਲੇ ਰੋਵਾਂਗਾ ਨਾਲੇ ਹੱਸਾਂਗਾ
ਖ਼ੁਸ਼ੀਆਂ ਗ਼ਮੀਆਂ ਦੋਵਾਂ ਨੂੰ,
ਪਹਿਲਾਂ ਪਿਆਰ ਦੇ ਅੰਮ੍ਰਿਤ ਘੋਲ ਲਵਾਂ

✪



# ਤੇਰਾ ਰਾਹ ਤੱਕੀਏ...

ਦਿਲ ਵਿਚ ਉਠਦੀ ਹੂਕ ਦਾ ਅਸੀਂ ਨਾਂ ਕੀ ਰੱਖੀਏ
ਤੇਰੇ ਗ਼ਮਾਂ ਦੀ ਪੀੜ ਦਾ ਅਸੀਂ ਨਾਂ ਕੀ ਰੱਖੀਏ
ਲੋਕੀ ਪੁੱਛਦੇ ਅਸਾਨੂੰ ਕੀ ਹਾਲਤ ਬਣਾਈ
ਉਨ੍ਹਾਂ ਨੂੰ ਇਸ ਹਾਲਤ ਦਾ ਕੀ ਦੱਸੀਏ
ਤੈਨੂੰ ਕੀ ਪਤਾ ਸਾਡੇ ਤੇ ਕੀ ਏ ਬੀਤਦੀ
ਕਿੰਨਾ ਕੁ ਚਿਰ ਦੁਨੀਆ ਤੋਂ ਮੂੰਹ ਛੁਪਾ ਕੇ ਰੱਖੀਏ
ਹਿਜਰਾਂ ਦੀ ਬਰਛੀ ਗੱਡ ਕੇ ਸੀਨੇ ਵਿਚ ਤੁਰ ਗਿਉਂ
ਦੱਸ ਵਸਲਾਂ ਵਾਲੀ ਆਸ ਹੁਣ ਕਿਵੇਂ ਜਗਾ ਕੇ ਰੱਖੀਏ
ਮਹਿਫ਼ਲਾਂ ਵਿਚ ਹਾਸਿਆਂ ਨਾਲ ਹੰਝੂ ਵੀ ਕਿਰਦੇ ਨੇ
ਹੰਝੂਆਂ ਨੂੰ ਮਹਿਫ਼ਲਾਂ ਵਿਚ ਕਿੱਦਾਂ ਲੁਕਾ ਕੇ ਰੱਖੀਏ
'ਰਵੀ' ਦਿਲ ਆਪਣੇ ਦੀ ਕਹਿਣ ਲਈ
ਹਰ ਸਾਹ ਤੇਰਾ ਰਾਹ ਤੱਕੀਏ...
✪

## ਗੁੰਮ ਗਈ

ਧੜਕਿਆ ਸੀ ਦਿਲ ਜਿਸ ਦੇ ਲਈ
ਉਹ ਕੁੜੀ ਦੁਨੀਆ ਦੀ ਭੀੜ ਵਿਚ ਗੁੰਮ ਗਈ

ਉਹ ਵਰ੍ਹਿਆਂ ਬਾਅਦ ਵੀ ਨਹੀਂ ਲੱਭੀ
ਪਤਾ ਨਹੀਂ ਜਾ ਕਿਸੇ ਲੜ ਲੱਗੀ
ਕਿੱਥੇ ਹੈ ਕਿਵੇਂ ਹੈ
ਮੈਨੂੰ ਕੱਖੋਂ ਹੌਲ਼ਾ ਕਰ ਗਈ
ਕਿਸ ਦੇ ਆਸਰੇ ਮੈਨੂੰ ਛੱਡ ਗਈ
ਮੈਂ ਭਟਕਿਆ ਹਾਂ ਉਹਦੇ ਲਈ
ਨਾ ਉਹਨੇ ਸਾਰ ਮੇਰੀ ਲਈ,

ਮੇਰੇ ਚੇਤਿਆਂ 'ਚ ਵਸੀ
ਮੇਰੇ ਧੁਰ ਅੰਦਰ ਧਸੀ
ਉਹ ਆਵੇ ਹਰ ਸਾਹ ਨਾਲ ਚੇਤੇ
ਮੇਰੇ ਸੁਪਨਿਆਂ ਦੇ ਵਿਚ ਵੀ
ਮੇਰੇ ਖ਼ਿਆਲ ਦੇ ਵਿਚ ਵੀ
ਮੈਂ ਬਣਿਆ ਫੁੱਲ ਉਹਦੇ ਲਈ
ਉਹ ਬਣ ਗਈ ਖਾਰ ਮੇਰੇ ਲਈ

ਕੋਈ ਤਾਂ ਦੱਸੇ ਉਹ ਹੈ ਕਿੱਥੇ
ਪਹੁੰਚ ਜਾਵਾਂ ਮੈਂ ਧਰਤੀ ਦੇ ਓਸ ਹਿੱਸੇ
ਮੈਂ ਦੇਖਣਾ ਚਾਹੁੰਦਾ ਸੂਰਤ ਉਸਦੀ
ਜੋ ਹੈ ਮੈਨੂੰ ਪਲ-ਪਲ ਨੋਚਦੀ
ਕੀ ਉਹ ਹੈ ਮੇਰੇ ਵਾਰੇ ਸੋਚਦੀ
ਪੁੱਛਣਾ ਚਾਹੁੰਦਾ ਹਾਂ ਮੈਂ ਉਸ ਤੋਂ
ਕਿਉਂ ਨੀ ਖੋਲ੍ਹਿਆ ਉਸ ਨੇ ਬੂਹਾ ਮੇਰੇ ਲਈ
✪



## ਗਲੋਟੇ ਪੀੜਾਂ ਦੇ

ਹੋ ਕੇ ਕੱਲੇ ਬਹਿ ਕੇ ਥੱਲੇ
ਫੋਟੋ ਤੇਰੀ ਰੱਖ ਕੇ ਪਲੰਘ ਨਿਵਾਰੀ ਤੇ
ਅਸੀਂ ਸੂਹੇ ਫੁੱਲ ਚੜ੍ਹਾਉਂਦੇ ਹਾਂ
ਪਾ ਕੇ ਤਨ ਤੇ ਤੇਰੀਆਂ ਯਾਦਾਂ ਦੀਆਂ
ਗਿੱਲੀਆਂ ਲੀਰਾਂ
ਅਸੀਂ ਮਨ ਦੀ ਅੱਗ ਬੁਝਾਉਂਦੇ ਹਾਂ

ਬੁਝ ਜਾਵੇ ਲਾਟ ਤਾਂ ਅੱਗ ਦੀ
ਪਰ ਅੰਦਰੋ-ਅੰਦਰੀ ਰਹਿੰਦੀ ਮਘਦੀ
ਧੂੰਆਂ-ਧੂੰਆਂ ਹੋ ਜਾਵੇ ਜਦ
ਫਿਰ ਨੈਣੋਂ ਨੀਰ ਵਗਾਉਂਦੇ ਹਾਂ।

ਹੁਣ ਦਿਨ ਕਟਦੇ ਹਾਂ ਲੁਕ-ਲੁਕ ਕੇ
ਸਾਹ ਵੀ ਆਉਂਦੇ ਰੁਕ-ਰੁਕ ਕੇ
ਪੜ੍ਹ ਨਾ ਲਵੇ ਕੋਈ ਸਾਡੇ ਮੁੱਖ ਦੀ
ਫਿਰਦੇ ਲੋਕਾਂ ਤੋਂ ਮੁੱਖ ਲੁਕਾਉਂਦੇ

ਤੇਰੇ ਦਿਲ ਦੇ ਵਿਹੜੇ ਧੁਖਦੀ ਨਹੀਂ ਧੂਣੀ
ਤੂੰ ਵੀ ਐਂ ਕੱਤਦੀ
ਸਾਡੀਆਂ ਯਾਦਾਂ ਦੀਆਂ ਪੂਣੀ
ਬਣ ਬਣ ਕੇ ਗਲੋਟੇ ਪੀੜਾਂ ਦੇ
ਤੇਰੇ ਦਿਲ ਦੇ ਬੋਹੀਏ ਉਤਰਨਾ ਚਾਹੁੰਦੇ ਹਾਂ
✪

## ਮਾੜਾ ਵਕਤ

ਵਕਤ ਜਦੋਂ ਕਦੀ ਆ ਜਾਏ ਮਾੜਾ
ਕੰਮ ਨੀ ਕਰਦਾ ਫਿਰ ਕੋਈ ਫਾੜ੍ਹਾ

ਦੋਸਤ ਮਿੱਤਰ ਰਿਸ਼ਤੇਦਾਰ ਸਾਰੇ
ਫਿਰ ਲਾਉਂਦੇ ਨੇ ਜੰਮਕੇ ਰਾੜ੍ਹਾ

ਮਾੜੇ ਵਕਤ ਕੋਈ ਨਾ ਸਾਥ ਖੜੋਵੇ
ਆਪਣੇ ਵੀ ਮਚਦੇ ਕਰਦੇ ਸਾੜਾ

ਆ ਵੜਦੇ ਨੇ ਜਿਸ ਥਾਂ ਉੱਲੂ ਕਬੂਤਰ
ਤਾਂ ਸਮਝੋ ਪਾਉ ਉਸ ਥਾਂ ਉਜਾੜਾ

ਉਹ ਘਰ ਵੀ ਮੁੱਕ ਜਾਂਦਾ
ਰਖਵਾਲਾ ਲੱਗਜੇ ਖਾਣ ਵਾੜਾ

ਰਹਿਣਾ ਔਖਾ ਕਰ ਹੈ ਦਿੰਦਾ
ਹੋਵੇ ਜੇ ਗੁਆਂਢੀ ਮਾੜਾ

✪



## ਹੋਸ਼ ਕਰੋ

ਬਦਲਦਾ ਜਾਵੇ ਸਾਉਣ, ਲੋਕੋ ਹੋਸ਼ ਕਰੋ
ਨਾ ਭਰ ਕੇ ਲਿਆਵੇ ਪੌਣ, ਲੋਕੋ ਹੋਸ਼ ਕਰੋ

ਨਾ ਵੇਚੋ ਤੁਸੀਂ ਧਰਤ ਪਿਆਰੀ ਨੂੰ
ਇਹ ਕੁਦਰਤ ਦੀ ਕਾਇਨਾਤ ਪਿਆਰੀ
ਨਾ ਵੱਢੋ ਤੁਸੀਂ ਰੁੱਖਾਂ ਨੂੰ
ਕਿਉਂ ਕਰਦੇ ਓਂ ਦੂਰ ਕੁਦਰਤੀ ਸੁੱਖਾਂ ਨੂੰ
ਨਾ ਬਰਸਿਆ ਜੇ ਰੱਜ ਕੇ ਸਾਉਣ
ਇਸ ਦੀ ਪਿਆਸ ਬਝਾਊ ਕੌਣ, ਲੋਕੋ ਹੋਸ਼ ਕਰੋ

ਨਾ ਇਸ ਨੂੰ ਪਾਣੀ ਦੀ ਪ੍ਰਵਾਹ
ਨਾ ਇਸ ਨੂੰ ਚੌਗਿਰਦੇ ਦੀ ਪ੍ਰਵਾਹ
ਵੱਡੀਆਂ-ਵੱਡੀਆਂ ਗੱਲਾਂ ਕਰਦੇ
ਮਾਰ ਕੇ ਫੋਕੇ ਫੈਂਟਰ
ਰਾਹ ਫਿਰ ਇਹ ਉਹੀ ਫੜਦਾ
ਇਹਨੂੰ ਸਮਝਾਵੇ ਕੌਣ, ਲੋਕੋ ਹੋਸ਼ ਕਰੋ

ਝੁਲਸ-ਝੁਲਸ ਕੇ ਮਰਦੀ ਦੁਨੀਆ
ਦੋ ਟੁੱਕ ਲਈ ਤਰਸਦੀ ਦੁਨੀਆ
ਮੂਹਰੇ ਹੋ ਕੇ ਲੰਗਰ ਲਾਉਂਦੇ
ਪਰ ਪਹਿਲਾਂ ਆਪਣਿਆਂ ਨੂੰ ਪਾਉਂਦੇ
ਗ਼ਰੀਬਾਂ ਨੂੰ ਵਰਤਾਵੇ ਕੌਣ, ਲੋਕੋ ਹੋਸ਼ ਕਰੋ
✪

## ਵਿਚਾਰੀ ਧਰਤੀ

ਮਰਦੀ ਜਾ ਰਹੀ ਧਰਤੀ
ਸੜਦੀ ਜਾ ਰਹੀ ਧਰਤੀ
ਕੱਢ-ਕੱਢ ਕੇ ਪਾਣੀ ਇਸ ਵਿਚੋਂ
ਖਾਲੀ ਕਰ ਦਿੱਤੀ ਧਰਤੀ

ਵਿਗਾੜ ਕੇ ਸੰਤੁਲਨ ਇਸ ਦਾ
ਲੁਕਦਾ ਫਿਰਦਾ ਹੈ ਇਨਸਾਨ
ਬਣ ਕੇ ਇਸ ਨੇ ਮਹਾਨ
ਬਣਾ ਦਿੱਤੀ ਹੈ ਬੰਜਰ ਇਹ ਧਰਤੀ

ਕਦੇ ਫਟਦਾ ਜੁਆਲਾ
ਕਦੇ ਉਠਦੀ ਸੁਨਾਮੀ
ਬੇਵਸ ਇਨਸਾਨ
ਹੁਣ ਪਛਤਾਅ ਰਿਹਾ
ਨਿਘਰਦੀ ਜਾ ਰਹੀ ਧਰਤੀ

ਪਿਘਲਦਾ ਜਾ ਰਿਹਾ ਐਂਟਾਰਿਟਕ
ਡੁੱਬਦੀ ਜਾ ਰਹੀ ਧਰਤੀ
ਕਈ ਦੇਸਾਂ ਦੀ ਹੋਂਦ ਨੂੰ ਖ਼ਤਰਾ
ਬਚਾ ਲਉ ਇਸ ਨੂੰ
ਦਿੰਦਾ ਫਿਰਦਾ ਹੈ 'ਰਵੀ' ਵਾਸਤਾ

ਇਹ ਪੀਰ ਪੈਗੰਬਰ ਦੀ ਧਰਤੀ
ਕੁਦਰਤ ਤੋਂ ਵੱਡਾ ਨਹੀਂ
ਮਨੁੱਖ ਤੂੰ ਸਮਝ ਲੈ
ਵਹਿਮ ਜੋ ਤੇਰੇ ਦਿਲ ਵਿਚ ਕੱਢ ਲੈ
ਉਹ ਸਰਬ ਵਿਆਪੀ ਹੈ
'ਰਵੀ' ਉਸ ਤੋਂ ਉਤੇ ਨਹੀਂ ਕੋਈ ਸ਼ਕਤੀ
✪



## ਲਾਪ੍ਰਵਾਹ ਤਿਤਲੀ

ਅੱਜ ਕੱਲ੍ਹ ਤਿਤਲੀਆਂ ਵੀ ਹੋ ਗਈਆਂ ਲਾਪ੍ਰਵਾਹ
ਭੰਵਰੇ ਤਾਂ ਪਹਿਲਾਂ ਹੀ ਸੀ ਬੇਪ੍ਰਵਾਹ

ਲਾਹ ਕੇ ਇੱਜ਼ਤਾਂ ਦੀ ਚਾਦਰ
ਓੜੀ ਬੇਸ਼ਰਮੀ ਦੀ ਚਾਦਰ
ਢਲਦੀਆਂ ਸ਼ਾਮਾਂ ਬਹਿ ਜਾਂਦੀਆਂ ਸੀ ਅੰਦਰ ਵੜਕੇ
ਹੁਣ ਰਾਤਾਂ ਨੂੰ ਲੱਭਦੀਆਂ ਫੁੱਲ,
ਨਹੀਂ ਇਹਨਾਂ ਨੂੰ ਕਿਸੇ ਦੀ ਪ੍ਰਵਾਹ

ਇਕ ਦਿਨ ਫੜ ਲਈ ਤਿਤਲੀ ਲੱਗਾ ਉਸ ਨੂੰ ਸਮਝਾਉਣ
ਫੜ ਫੜਾ ਕੇ ਕਹਿਣ ਲੱਗੀ ਛੱਡ ਮੈਨੂੰ
ਇਹ ਗੱਲਾਂ ਨੇ ਪੁਰਾਣੀਆਂ
ਤੂੰ ਕੋਈ ਨਵੀਂ ਗੱਲ ਸਿਖਾ।

ਕਹਿਣ ਲੱਗੀ ਕਾਹਦੀਆਂ ਇੱਜ਼ਤਾਂ
ਤੇ ਕਾਹਦੀਆਂ ਸ਼ਰਮਾਂ
ਭੰਵਰੇ ਵੀ ਕਰਦੇ ਇਸ ਤਰ੍ਹਾਂ
ਤੂੰ ਪਹਿਲਾਂ ਉਨ੍ਹਾਂ ਨੂੰ ਸਮਝਾ

ਗੱਲ ਸੁਣ ਆ ਗਿਆ ਨੈਣੀਂ ਹਨੇਰਾ
ਮੈਨੂੰ ਲੱਗੇ ਜਿਵੇਂ ਹੁਣੇ ਹੀ ਹੋਇਆ ਸਵੇਰਾ
ਹਰ ਇਕ ਦੀ ਸੋਚ ਆਪੋ-ਆਪਣੀ

ਨਾ ਮੈਂ ਸਕਿਆ ਉਸ ਨੂੰ ਸਮਝਾ
ਛੱਡ ਕੇ ਖੰਭ ਉਸ ਦੇ ਉਸ ਨੂੰ ਕਿਹਾ ਜਾਹ
ਤਿੱਤਲੀ ਵੀ ਹੋ ਗਈ ਲਾਪ੍ਰਵਾਹ
✪

## ਫੁੱਲ ਵਿਚਾਰਾ ਕੀ ਕਰੇ

ਮਹਿਕ ਹੀ ਇਸਦੀ ਇਸ ਨੂੰ ਬਣਾਵੇ ਖਾਸ
ਮਹਿਕ ਹੀ ਇਸਦੀ ਇਸ ਨੂੰ ਕਰੇ ਖੁਆਰ

ਭੰਵਰੇ ਵੀ ਰਹਿੰਦੇ ਆਸ-ਪਾਸ
ਪਾਉਣ ਤਿੱਤਲੀਆਂ ਵੀ ਇਸ ਦੇ ਨਾਲ ਰਾਸ
ਕਿਸ ਤਰ੍ਹਾਂ ਰੱਖੇ ਇਹ ਆਪਣੇ ਆਪ ਨੂੰ ਪਾਕ
ਫੁੱਲ ਵਿਚਾਰਾ ਕੀ ਕਰੇ....

ਬੇਪ੍ਰਵਾਹ ਲੋਕੀ ਸੁੱਟਦੇ ਨੇ ਇਸ ਨੂੰ ਤੋੜ ਕੇ
ਕੋਈ ਇਸ ਨੂੰ ਸੂਈ ਧਾਗੇ ਨਾਲ ਜੋੜ ਕੇ
ਬਣਾਵੇ ਇਸ ਦੀ ਮਾਲਾ ਖਾਸ
ਨਹੀਂ ਕਿਸੇ ਨੂੰ ਇਸ ਦੀ ਚੀਸ ਦਾ ਅਹਿਸਾਸ
ਫੁੱਲ ਵਿਚਾਰਾ ਕੀ ਕਰੇ....

ਕੋਈ ਕੋਟ ਤੇ ਸਜਾਕੇ
ਕੋਈ ਜੂੜੇ ਤੇ ਸਜਾਕੇ
ਬਣਾਵੇ ਆਪਣੀ ਸਜਾਵਟ ਖਾਸ
ਪਰ ਕੋਈ ਨਾ ਪੁੱਛੇ ਉਸ ਦਾ ਹਾਲ
ਫੁੱਲ ਵਿਚਾਰਾ ਕੀ ਕਰੇ....

ਬੜਾ ਫਾਸਲਾ ਪੈਦਾ ਕਰਦਾ ਹੈ ਇਨਸਾਨ
ਇਕ ਨੂੰ ਚੜ੍ਹਾ ਕੇ ਕੋਠੇ ਬਣਾ ਦਿੰਦਾ ਹੈ ਆਮ
ਇਕ ਚੜ੍ਹਾ ਕੇ ਮੰਦਰ ਬਣਾ ਦਿੰਦਾ ਹੈ ਪਾਕ
ਆਖ਼ਰ ਸੁੱਕ ਕੇ ਗਿਰੇ ਧਰਤ ਤੇ ਹੋ ਜਾਵੇ ਖਾਕ
ਫੁੱਲ ਵਿਚਾਰਾ ਕੀ ਕਰੇ....
✪



## ਚੈਨ ਨਾ ਆਵੇ

ਯਾਦ ਜਦੋਂ ਮਾਂ ਤੇਰੀ ਆ ਜਾਵੇ
ਦਿਲ ਰੋਵੇ ਰੂਹ ਪਈ ਕੁਰਲਾਵੇ
ਹੱਥ ਪਰ ਫਿਰ ਕੁਝ ਨਾ ਆਵੇ

ਫੋਟੋ ਤੇਰੀ ਅੱਗੇ ਖੜ੍ਹੋਕੇ
ਖਾਰੇ ਪਾਣੀ ਨੈਣ ਭਗੋ ਕੇ
ਗੱਲਾਂ ਕਰਾਂ ਤੇਰੇ ਨਾਲ ਰੋ ਰੋ ਕੇ
ਪਰ ਰੂਹ ਮੇਰੀ ਨੂੰ ਚੈਨ ਨਾ ਆਵੇ

ਸੁਪਨੇ ਦੇ ਵਿਚ ਜਦ ਤੂੰ ਆਵੇਂ
ਧਾਹ ਗਲਵੱਕੜੀ ਮੈਨੂੰ ਪਾਵੇਂ
ਹਉਕੇ ਲੈ ਕੇ ਜਦ ਮੈਂ ਉੱਠਾਂ
ਤੂੰ ਕਿਧਰੇ ਵੀ ਨਜ਼ਰ ਨਾ ਆਵੇਂ
ਖੋਹ ਜਿਹੀ ਮੇਰੇ ਦਿਲ ਨੂੰ ਪੈ ਜਾਵੇ

ਤੇਰੀਆਂ ਪੱਕੀਆਂ ਖਾਵਣ ਦੇ ਲਈ
ਮਾਹਲ ਪੂੜੇ ਸਾਵਣ ਦੇ ਲਈ
ਹਾਲੇ ਵੀ ਚਿੱਤ ਕਰਦਾ ਹੈ
ਭਾਂਤ-ਭਾਂਤ ਦੇ ਖਾਣੇ ਖਾਈਏ
ਬਿਨ ਤੇਰੇ ਪਰ ਸਬਰ ਨਾ ਆਵੇ
✪

## ਅੰਦਰੋਂ ਬਾਹਰੋਂ

ਜਿਸ ਦੀ ਮਰਨ ਦੀ ਖ਼ੁਸ਼ੀ 'ਚ
ਪੀ ਕੇ ਮਾਰੇ ਰਾਤੀਂ ਲਲਕਾਰੇ
ਉਹ ਲੋਕ ਅਰਥੀ ਉਸ ਦੀ ਨੂੰ
ਮੋਢਾ ਦੇ ਕੇ ਤੁਰੇ ਨੇ

ਪਿੱਠ ਪਿੱਛੇ ਜਿਸ ਦੀਆਂ ਲੋਕੀ
ਕਰਦੇ ਸੀ ਗੱਲਾਂ
ਅੱਜ ਉਹੀ ਉਸ ਦੀ ਅੰਤਿਮ ਯਾਤਰਾ
ਦੇ ਨਾਲ ਮੂਹਰੇ ਹੋ ਤੁਰੇ ਨੇ

ਪਾਸੇ ਨੂੰ ਹੋ ਕੇ ਕਰਦੇ ਨੇ ਗੱਲਾਂ
ਖਚਰਾ ਜਿਹਾ ਹਾਸਾ ਹੱਸ ਕੇ
ਮਰ ਗਿਆ ਸਾਲਾ
ਚੰਗਾ ਹੋਇਆ ਕਹਿਕੇ ਲਾਂਬੂ ਲਾ ਕੇ
ਇਕ ਪਾਸੇ ਨੂੰ ਹੋ ਤੁਰੇ ਨੇ।
✪



## ਵੇਖ ਲੈ

ਦਿਲ ਦੇ ਵਿਹੜੇ ਇਸ਼ਕੇ ਦਾ ਚੜ੍ਹਾ ਕੇ ਚੰਨ ਵੇਖ ਲੈ
ਫੜ ਵੰਝਲੀ ਮਰੋੜ ਕੇ ਮੱਝੀਆਂ ਦੇ ਕੰਨ ਵੇਖ ਲੈ।

ਕਿਵੇਂ ਦਿਲ ਹੋ ਜਾਂਦਾ ਉਸਦਾ ਕਿਵੇਂ ਅੱਖ ਦੇਖਦੀ ਉਸ ਨੂੰ
ਫੜ ਕਾਸਾ ਭਗਵੇਂ ਨਾਲ ਢਕ ਕੇ ਤਨ ਵੇਖ ਲੈ

ਨਾ ਦੇਵਣਗੇ ਤੈਨੂੰ ਜੀਣ ਤੇਰੇ ਜਿਉਂਦੇ ਦੇ ਸੂਰਮੇ ਪੀਣ
ਬਣ ਮਿਰਜ਼ਾ ਉਧਾਲ ਕੇ ਕਿਸੇ ਦੀ ਸਹਿਬਾ ਰੰਨ ਵੇਖ ਲੈ

ਚੜ੍ਹ ਕੇ ਇਸ਼ਕੇ ਦੀ ਪੌੜੀ ਆਉਣਾ ਨਹੀਂ ਮੌਕਾ ਹੱਸਣੇ ਦਾ
ਜੇ ਨਹੀਂ ਯਕੀਨ ਬਣ ਮਹੀਂਵਾਲ ਪਾਕੇ ਝਨਾਂ ਦੇ ਪਾਰ ਛੰਨ ਵੇਖ ਲੈ
✪

## ਕੀ ਕਰਦੇ ਓ ਜਨਾਬ

ਗੱਲ ਕਿਹੜੇ ਅਸੂਲਾਂ ਦੀ ਕਰਦੇ ਓ ਜਨਾਬ
ਛੇੜਖਾਨੀ ਤਾਂ ਤੁਸੀਂ ਵੀ ਕਰਦੇ ਹੋ ਪੀ ਕੇ ਸ਼ਰਾਬ

ਇਕ ਗੱਲ ਤੇ ਵੀ ਨਹੀਂ ਅਮਲ ਕਰਦੇ ਦੇਖੇ
ਜੋ ਚੜ੍ਹ ਕੇ ਸਟੇਜਾਂ ਤੇ ਗੱਲਾਂ ਕਰਦੇ ਓ ਜਨਾਬ

ਜਦੋਂ ਗੱਲ ਕਰਦਾ ਕਿਸਮਤ ਦੀ ਤੁਸੀਂ ਭੱਜ ਭੱਜ ਪੈਂਦੇ
ਭਾਣਾ ਮੰਨਣ ਦੀ ਅਰਦਾਸ ਕਿਉਂ ਕਰਦੇ ਓ ਜਨਾਬ

ਦੋਗਲਾ ਹੈ ਇਨਸਾਨ ਪਲ-ਪਲ ਬਦਲਦਾ ਬਿਆਨ
ਤੁਸੀਂ ਕਿਉਂ ਨੀ ਇਸ ਗੱਲ ਨੂੰ ਸਵੀਕਾਰਦੇ ਓ ਜਨਾਬ

ਕਿਸ ਨਾਲ ਕਿਉਂ ਹੈ ਮੁਕਾਬਲਾ ਨਾ ਰੰਜਿਸ਼ ਦਾ ਪਤਾ
ਕਿਉਂ ਅੰਨ੍ਹੀ ਦੌੜ 'ਚ ਭਾਈਵਾਲ ਹੁੰਦੇ ਓ ਜਨਾਬ

ਨੈਣ ਦਿੰਦੇ ਜਵਾਬ ਸਾਹ ਵੀ ਆਉਂਦਾ ਰੁਕ-ਰੁਕ
ਚੱਕ ਮਾਲਾ ਉਸ ਦਰ ਨਮਸਕਾਰ ਕਿਉਂ ਕਰਦੇ ਓ ਜਨਾਬ

✪



## ਉਨ੍ਹਾਂ ਦਾ ਹਾਲ

ਚੁੱਪ ਰਹਿ ਕੇ ਵੀ ਕੁਝ ਦੇ ਜਾਂਦੇ ਨੇ ਜਵਾਬ
ਚੁੱਪ ਰਹਿ ਕੇ ਵੀ ਕੁਝ ਖੜ੍ਹੇ ਕਰ ਜਾਂਦੇ ਨੇ ਸਵਾਲ

ਮਿਣ-ਮਿਣਾਉਂਦੇ ਨੇ ਹੋਣ ਵਾਲੇ ਹਲਾਲ
ਕਦ ਕੱਟਣ ਵਾਲੇ ਕਰਦੇ ਨੇ ਖ਼ਿਆਲ

ਚੁੱਪ-ਚਾਪ ਲੁੱਟ ਕੇ ਤੁਰਦੇ ਬਣਨਗੇ
ਭੋਲੀਆਂ ਸੂਰਤਾਂ ਤੇ ਹੋ ਨਾ ਇੰਨਾ ਦਿਆਲ

ਚੁੱਪ-ਚਾਪ ਲੰਘ ਜਾ ਕੋਲ ਦੀ ਸਿਵਿਆਂ ਦੇ
ਸਤਾਉਣਗੀਆਂ ਸੁੱਤੀਆਂ ਰੂਹਾਂ ਨਾ ਜਵਾਲ

ਮਾਰ ਠੱਗੀਆਂ ਕਰਨੀ ਹੈ ਕਿਹੜੀ ਮੰਜ਼ਿਲ ਸਰ
'ਰਵੀ' ਦੇਖੀਂ ਹੁੰਦਾ ਉਨ੍ਹਾਂ ਦਾ ਕੀ ਹਾਲ

✪

## ਯਾਦ ਕਰੀਦੇ

ਹਰ ਸਾਹ ਦੇ ਨਾਲ ਤੈਨੂੰ ਯਾਦ ਕਰੀਦੇ
ਜਿਗਰ ਦੀ ਰੱਤ ਪਾ ਯਾਦ ਨੂੰ ਆਬਾਦ ਕਰੀਦੇ

ਵਿਖਾ ਸੁਪਨੇ ਬਣ ਗਈ ਤੂੰ ਸੁਪਨਾ
ਹਰ ਰਾਤ ਨੂੰ ਤੇਰਾ ਹੀ ਸੁਪਨਾ ਘੜੀਦੇ

ਘੜੀ ਮੁੜੀ ਖਿੱਚੀਏ ਨਕਸ਼ ਕਾਗਜ਼ ਕੋਰੇ
ਹੋਕੇ ਬਿਹਬਲ ਫਿਰ ਰੰਗ ਭਰੀਦੇ

ਵਰ੍ਹੇ ਹੋਏ ਹੋਇਆ ਨਾ ਮਿਲਣ ਤੇਰਾ
ਆਖ਼ਰ ਕੀ ਰਿਸ਼ਤਾ ਇਸ ਤੇ ਧਿਆਨ ਧਰੀਦੇ

ਬੱਦਲੀ ਪਿਆਰ ਦੀ ਕਿਉਂ ਨੀ ਵਰ੍ਹਦੀ ਤੇਰੇ ਗਰਾਂ
ਅਸੀਂ ਰੋਜ਼ ਉਸ ਦਰ ਹੰਝੂਆਂ ਦਾ ਘੜਾ ਧਰੀਦੇ

✪



## ਦੇਖਿਆ ਰੱਬ ਆਉਂਦਾ

ਰਾਤੀਂ ਮੈਂ ਸੁਪਨੇ 'ਚ ਦੇਖਿਆ ਰੱਬ ਆਉਂਦਾ
ਆਪਣੇ ਅਜ਼ੀਮ ਸ਼ਾਹਕਾਰ ਨੂੰ ਸਮਝਾਉਂਦਾ

ਰਹਿਮ – ਰਹਿਮ ਕਰ ਮੇਰੇ ਬਣਾਏ ਬੰਦਿਆ
ਮੈਂ ਫਿਰਾਂ ਬੁਝਾਉਂਦਾ ਤੂੰ ਫਿਰੇਂ ਅੱਗ ਲਾਉਂਦਾ

ਜਿੰਨਾ ਮੈਂ ਮਾਫ਼ ਕਰੀ ਜਾਨਾ ਤੂੰ ਸਿਰੇ ਚੜ੍ਹੀ ਜਾਨਾ
ਮਿੱਟੀ ਹੈ ਤੂੰ ਮਿੱਟੀ ਕਿਉਂ ਫਿਰਦਾ ਮੈਨੂੰ ਖਿਝਾਉਂਦਾ

ਮੈਂ ਹੀ ਪਾਉਂਦਾ ਤੇਰੇ ਦਿਮਾਗ਼ੇ ਕੋਈ ਤਰਕੀਬ
ਤੂੰ ਦਿਨੇ ਉੱਠ ਫਿਰਦਾ ਆਪਣੇ ਝੰਡੇ ਲਹਿਰਾਉਂਦਾ

ਕੀ ਹੋਇਆ ਜੇ ਤੇਰੇ 'ਚ ਜਾਨ ਪਾ ਦਿੱਤੀ ਵਧੇਰੇ
ਔਰਤ ਨੂੰ ਫਿਰਦਾਂ ਔਰਤ ਦੀ ਕੁੱਖ 'ਚ ਮਰਵਾਉਂਦਾ

ਸਮਝ ਜਾ ਏਸ ਤਰੀਕੇ ਨਹੀਂ ਆਉਂਦਾ ਹੋਰ ਵੀ ਤਰੀਕਾ
ਜਦ ਵਿਖਾਇਆ ਦੂਜਾ ਫਿਰੇਂਗਾ ਦੁਹਾਈ ਪਾਉਂਦਾ

ਅੱਗ, ਪਾਣੀ, ਹਵਾ ਤਿੰਨੇ ਤੇਰੇ ਲਈ ਅੱਤ ਜ਼ਰੂਰੀ
ਸਾਂਭ ਕਰ ਇਕ ਵੀ ਨਾ ਮਿਲਿਆ ਫਿਰ ਨਹੀਂ ਸਾਹ ਆਉਂਦਾ

ਚੰਗਾ ਹੋਇਆ ਰੱਖ ਲਿਆ ਭੇਦ ਮੌਤ ਦਾ ਲਕੋ ਕੇ
ਨਹੀਂ ਤਾਂ ਫਿਰਦਾ ਮੈਨੂੰ ਵੀ ਗੁੱਲੀ ਵਾਂਗ ਟਪਾਉਂਦਾ

ਹਾਸਾ ਦਿੱਤਾ, ਰੋਣਾ ਦਿੱਤਾ, ਦਿੱਤਾ ਅਕਲ ਦਾ ਬਾਟਾ
ਵਰਤ ਚੰਗੇ ਪਾਸੇ, ਫਿਰਦਾ ਖੁੜਦੁੰਮ ਮੁਚਾਉਂਦਾ

ਆਖ਼ਰੀ ਮੌਕਾ ਮੈਂ ਤੈਨੂੰ ਦੇ ਰਿਹਾਂ ਸਮਝ ਕਰ
ਦੇਣੀ ਝੋਲ ਮੈਂ ਨਹੀਂ ਮੰਨਣਾ ਫਿਰੇਂਗਾ ਵਾਸਤੇ ਪਾਉਂਦਾ

ਹਾਉਮੈਂ ਦਾ ਪਰਦਾ ਲਾਹ ਇਨ੍ਹਾਂ ਦੀਦਿਆਂ ਤੋਂ
ਛੱਡ ਅੱਗੇ ਦੀ ਕਿਉਂ ਫਿਰਦਾਂ ਆਪੇ ਦਾ ਨਾਸ਼ ਕਰਾਉਂਦਾ

✪

## ਲਿਖ

ਜੇ ਤੂੰ ਲਿਖਣਾ ਹੈ ਬੋਝ ਦਿਲ ਦਿਮਾਗ਼ ਤੋਂ ਹਟਾ ਕੇ ਲਿਖ
ਕਿੰਨੇ ਕੁ ਪਾਣੀ 'ਚ ਤੂੰ ਹੈ ਦਿਮਾਗ਼ੇ ਬੈਠਾ ਕੇ ਲਿਖ

ਕਸੀਦ ਕਸੀਦ ਕੇ ਲੋਕਾਂ ਕੋਲ ਨਾ ਬਿਆਨ ਹਾਲੇ ਦਿਲ
ਜੋ ਦਿਲ 'ਚ ਹੈ ਉਹੀ ਜਚਾ ਕੇ ਲਿਖ

ਨਾ ਖੇਡ ਤੂੰ ਲੋਕਾਂ ਦੇ ਜਜ਼ਬਾਤਾਂ ਦੇ ਨਾਲ
ਮੁਸ਼ਕਿਲ ਉਨ੍ਹਾਂ ਦੀ ਅਪਣਾ ਕੇ ਲਿਖ

ਗੱਲ ਬੱਚੀਆਂ ਤੇ ਔਰਤਾਂ ਦੀ ਕਰ ਤਾਂ ਦਿੱਤੀ
ਕਿੰਨਾ ਕੁ ਪੂਰਾ ਉਤਰੇ ਜ਼ਰਾ ਵਿਖਾ ਕੇ ਲਿਖ

ਲਿਖਣਾ ਏ ਤਾਂ ਲਿਖ ਲੋਟੂ ਸਰਕਾਰ ਬਾਰੇ ਲਿਖ
ਰੱਤ ਚੂਸਣੀਆਂ ਜੋਕਾਂ ਬਾਰੇ ਸਟਾ ਕੇ ਲਿਖ

ਆਹੂਤੀ ਦੇਣੀ ਪੈਂਦੀ ਏ ਅਜਿਹੇ ਕਾਗਜ਼ਾਂ ਲਈ
ਇਸ ਲਈ 'ਰਵੀ' ਤੂੰ ਆਪਣੀ ਹਸਤੀ ਮਿਟਾ ਕੇ ਲਿਖ

✪



## ਕਿਨਾਰਾ ਕਰ ਜਾਵਾਂਗਾ

ਕਿਨਾਰਾ ਕਰ ਜਾਵਾਂਗਾ ਮੈਂ
ਕਿਨਾਰਾ ਕਰ ਲਵਾਂਗਾ ਮੈਂ

ਇਕੱਲਾ ਹੀ ਦੁੱਖ ਜਰ ਲਵਾਂਗਾ ਮੈਂ
ਨਾ ਕਰਾਂਗਾ ਜ਼ਖ਼ਮ ਸਾਂਝੇ
ਦਿਲ ਦੇ ਕੋਲ ਲੋਕਾਂ
ਇਕੱਲਾ ਹੀ ਪੀੜ ਜਰ ਲਵਾਂਗਾ ਮੈਂ

ਜੋ ਸੁੱਖ ਵਿਚ ਚਿੰਬੜਦੇ ਵਾਂਗ ਜੋਕਾਂ
ਦੁੱਖ 'ਚ ਭਜਦੇ ਮਾਰਦੇ ਮੋਕਾਂ

ਮੈਂ ਆਪਣੇ ਜ਼ਖ਼ਮਾਂ ਤੇ
ਇਨ੍ਹਾਂ ਦੀ ਲੂਣੀ ਮਰਹਮ ਨਾਲੋਂ

ਆਪੇ ਹੀ ਪੱਟੀ ਧਰ ਲਵਾਂਗਾ ਮੈਂ
ਏਨੀ ਛੇਤੀ ਤਾਂ ਟੁੱਟਣਾ ਨਹੀਂ ਕਾਨਾ
ਜਿੰਨੀ ਛੇਤੀ ਟੁੱਟਦੀ ਯਾਰੀ ਹੈ ਹੁਣ

ਅੱਖ ਦੇ ਝਪਕੇ ਹੀ
ਦਮ ਘੁਟਦੀ ਯਾਰੀ ਹੈ ਹੁਣ
ਵਾਰ-ਵਾਰ ਮਰਨੇ ਨਾਲੋਂ
ਇਕੋ ਵਾਰੀ ਹੀ ਮਰ ਲਵਾਂਗਾ ਮੈਂ
ਕਿਨਾਰਾ ਕਰ ਲਵਾਂਗਾ ਮੈਂ
ਕਿਨਾਰਾ ਕਰ ਲਵਾਂਗਾ ਮੈਂ

✪

## ਕਾਲਿਆਂ ਤੋਂ ਚਿੱਟੇ

ਇਹ ਸੋਚਾਂ ਮਾੜੀਆਂ ਫੜ ਕੇ ਸਾਰੀਆਂ
ਪਾ ਲਉ ਪਿੰਜਰੇ ਲਾ ਦਿਉ ਜਿੰਦਰੇ
ਕਿਧਰੇ ਫਿਰ ਨਾ ਮਾਰ ਜਾਣ ਉਡਾਰੀਆਂ

ਮਨ ਦੇ ਕੋਹੜ ਸਾਰੇ ਇਹ ਚੋਰ ਚਾਰੇ
ਫੜ ਕੇ ਅੱਜ ਸਾਰੇ ਕਰਕੇ ਬੰਦ ਸਾਰੇ
ਲਵਾ ਦਿਉ ਇਨ੍ਹਾਂ ਨੂੰ ਦੁੱਖ ਭੰਜਨੀ 'ਚ ਤਾਰੀਆਂ

ਹੋ ਜਾਣਗੇ ਕਾਲਿਆਂ ਤੋਂ ਚਿੱਟੇ
ਲੱਗਣਗੇ ਰੰਗ ਸਾਰੇ ਫਿੱਕੇ
ਹਰ ਕੋਈ ਨਜ਼ਰ ਬਰਾਬਰ ਆਊ
ਦੁਨੀਆ ਗੁਣ ਥੋੜੇ ਹੀ ਗਾਊ
ਬਣ ਕੇ ਮਨ ਦੇ ਚਿੱਟੇ
ਪਾਉ ਉਸ ਖ਼ੁਦਾ ਨਾਲ ਯਾਰੀਆਂ

ਨਾ ਫਿਰ ਰਹੂ ਇਹ ਗ਼ਰੀਬੀ
ਹੋ ਜਾਣਗੇ ਸਾਰੇ ਕਰੀਬੀ
ਭੱਜ ਜਾਣਗੇ ਸਾਰੇ ਝੂਠੇ ਅਤੇ ਫਰੇਬੀ
ਨਾ ਫਿਰ ਰਹੂ ਕੋਈ ਦਵੈਤ
ਸਭ ਦੂਰ ਹੋ ਜਾਣ ਦੁਸ਼ਵਾਰੀਆਂ
✪



## ਸਮੁੰਦਰਾਂ ਦਾ ਪਾਣੀ

ਪੈਸੇ ਦੀ ਦੌੜ ਨੇ ਵੇਖੋ ਕੀ-ਕੀ ਕਰਾਇਆ
ਬਣਾਇਆ ਸੀ ਬੰਦਾ ਰੱਬ ਨੇ ਆਪਣਾ ਰੂਪ
ਲਾਲਚ ਨੇ ਇਸ ਨੂੰ ਸ਼ੈਤਾਨ ਬਣਾਇਆ

ਭਰਾ-ਭਰਾ ਦੇ ਵੈਰੀ ਬਣ ਗਿਆ
ਮਾਂ-ਪਿਉ ਦੀ ਇੱਜ਼ਤ ਨੂੰ ਵੀ ਪੁੱਤ ਨੇ
ਖ਼ਾਤਰ ਪੈਸੇ ਦੀ ਰੁਲਾਇਆ।

ਕੁਝ ਜੋ ਸ਼ੈਤਾਨ ਬਣੇ
ਉਨ੍ਹਾਂ ਹੋਰ ਮਹਾਨ ਬਣਨ ਲਈ
ਬੰਦੇ ਨੂੰ ਹੀ ਆਪਣਾ ਗੁਲਾਮ ਬਣਾਇਆ

ਵਪਾਰੀਆਂ ਅੱਤ ਹੋਰ ਕਰ ਦਿੱਤੀ
ਕਰਕੇ ਕੁਦਰਤ ਨਾਲ ਖਿਲਵਾੜ
ਇਸ ਧਰਤੀ ਨੂੰ ਪਰਲੋ ਦੇ ਨੇੜੇ ਪਹੁੰਚਾਇਆ

ਕੱਟ-ਕੱਟ ਕੇ ਜੰਗਲ ਕਰ ਦਿੱਤੀ
ਰੜੀ ਧਰਤੀ ਤਾਹੀਂ ਤਾਂ ਰੱਬ ਨੇ
ਗਰਮੀ ਦਾ ਨਜ਼ਾਰਾ ਵਿਖਾਇਆ

ਮਾਰ-ਮਾਰ ਕੇ ਜੰਗਲੀ ਜਾਨਵਰਾਂ ਨੂੰ
ਕਈਆਂ ਦੀ ਨਸਲ ਮੁਕਾ ਦਿੱਤੀ
ਕਈਆਂ ਨੂੰ ਅਲੋਪ ਹੋਣ ਦੇ ਕਿਨਾਰੇ ਪਹੁੰਚਾਇਆ

ਲੱਗ ਪਏ ਬਰਫ਼ ਦੇ ਤੋਦੇ ਪਿਘਲਣ
ਵਧ ਗਿਆ ਸਮੁੰਦਰਾਂ ਦਾ ਪਾਣੀ
ਕਈ ਦੇਸਾਂ ਨੂੰ ਗਰਕਣ ਦੇ ਕੰਢੇ ਪਹੁੰਚਾਇਆ
✪

## ਕੋਸ਼ਿਸ਼ ਕਰ ਰਹੇ ਹਾਂ

*(ਲੋਕ ਕਵੀ ਸੰਤ ਰਾਮ ਉਦਾਸੀ ਜੀ ਦੇ ਨਾਂ)*

ਤੇਰੇ ਬੋਲਾਂ ਤੇ ਫੁੱਲ ਚੜ੍ਹਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
ਤੇਰੇ ਕਦਮਾਂ ਤੇ ਕਦਮ ਟਿਕਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਲੋਕਾਂ ਦੀ ਪੀੜ ਕਰ ਉਜਾਗਰ ਆਪਣੇ ਤੇ ਭੀੜ ਪਾ ਲਈ
ਸਹੀਆਂ ਜਿਲਤਾਂ ਲੋਕਾਂ ਨੂੰ ਵਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਭੁੱਲ ਗਏ ਜੋ ਤੈਨੂੰ ਤੇ ਤੇਰੀ ਕੋਇਲ ਜਿਹੀ ਆਵਾਜ਼ ਨੂੰ
ਉਨ੍ਹਾਂ ਦੀ ਸੋਚ ਤੋਂ ਗਰਦਾ ਲਹਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਤੂੰ ਸੱਚ ਦੇ ਮਾਰਗ ਤੇ ਚੱਲਦਿਆਂ ਜ਼ਰਾ ਨਾ ਡੋਲਿਆ
ਗਾ ਗੀਤ ਤੇਰੇ ਰਾਹ ਰੁਸ਼ਨਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਆਈ ਨਾ ਹਿਯਾ ਜਿਨ੍ਹਾਂ ਲਈ ਤੂੰ ਜੋਤੀ ਗੁਆ ਦਿੱਤੀ
ਤੇਰੀ ਦਿੱਤੀ ਸਿੱਖਿਆ ਖਾਨੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਕੋਈ ਨਾ ਲੱਗੇ ਮੂਹਰੇ ਬੜਕਾਂ ਬਥੇਰੇ ਮਾਰਦੇ
ਲੱਗ ਅੱਗੇ ਤੇਰੀਆਂ ਸੋਚਾਂ ਅਪਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਜ਼ਖ਼ਮਾਂ ਦੇ ਫੱਟ ਦਿੱਤੇ ਜਾਲਮਾਂ ਉਹ ਮਿਟਣੇ ਤਾਂ ਨਹੀਂ
ਲੱਗਾ ਮਲ੍ਹਮ ਪਿਆਰ ਦੀ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਰਸਤਾ ਸੁਖਾਲਾ ਨਹੀਂ ਜਿਸ ਰਸਤੇ ਚੱਲਿਆ, ਫੜੀ ਉਂਗਲ
ਅਸੀਂ ਵੀ ਸਿਦਕ ਅਜ਼ਮਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

ਟੋਏ ਤਾਂ ਹੁਣ ਵੀ ਪੁੱਟਣੇ ਨੇ ਫੱਫੇ ਤਾਂ ਹੁਣ ਵੀ ਕੁੱਟਣੇ ਜ਼ਾਲਮਾ
ਇਨ੍ਹਾਂ ਜ਼ਾਲਮਾਂ ਨੂੰ ਗੁੱਠੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਇਹੋ ਦੋ ਮੂੰਹੀਂ ਦੁਨੀਆ ਤੋਂ ਬਚਿਆ ਤਾਂ ਕੋਈ ਨਹੀਂ
ਤੇਰੇ ਗੀਤਾਂ ਦੀ ਢਾਲ ਬਣਾ ਆਪਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

✪



## ਪਰਛਾਵਿਆਂ ਤੋਂ

ਕਦੇ ਆਦਮੀ ਡਰਦਾ ਸੀ ਰਾਤੀਂ ਮੇਰੇ ਪਰਛਾਵਿਆਂ ਤੋਂ
ਹੁਣ ਆਲਮ ਇਹ ਹੈ ਕਿ ਮੈਂ ਦਿਨੇ ਡਰਦਾ ਹਾਂ ਇਸ ਦੇ ਪਰਛਾਵਿਆਂ ਤੋਂ

ਜਾਨ ਮੁੱਠੀ ਵਿਚ ਆ ਜਾਂਦੀ ਹੈ ਜਦ ਆਉਂਦੇ ਨੇ ਬੰਨ ਢਾਣੀ
ਆ ਲੁਕਦੇ ਮੇਰੇ ਟਾਹਣ ਬੁੱਕਲ 'ਚੋਂ ਡਰਦੇ ਕੁਹਾੜਿਆਂ ਤੋਂ

ਆਲ੍ਹਣਾ ਬਣਾਉਂਦੇ ਨਹੀਂ ਪੰਛੀ ਮੇਰੇ ਟਾਹਣਾਂ ਉੱਤੇ
ਖ਼ਬਰੇ ਕਦ ਕੱਟਿਆ ਜਾਣਾ ਡਰਨ ਉਹ ਵੀ ਪਰਛਾਵਿਆਂ ਤੋਂ

ਦੇ ਕੇ ਹੌਕਾ ਹਰਿਆਲੀ ਦਾ ਲਾਉਂਦਾ ਇਕ ਤੇ ਕੱਟਦੇ ਨੇ ਦੋ
ਵਿਚੋਂ ਵਿਚ ਦੁਖੀ ਹੋ ਰਹੀ ਕੁਦਰਤ ਇਸ ਦੇ ਵਰਤਾਰਿਆਂ ਤੋਂ

ਤਰਸਣਗੇ ਸਾਉਣ ਲਈ ਤਰਸਣਗੇ ਠੰਢੀ ਪੌਣ ਲਈ
ਆਣਗੇ ਦਿਨ ਜਲਦੀ ਲੱਗੇ ਇਸ ਦੇ ਕਾਰਿਆਂ ਤੋਂ

ਬੀਜ ਰਿਹਾ ਆਉਣ ਵਾਲੀ ਨਸਲ ਨੂੰ ਕੰਢੇ ਕੌਣ ਇਹਨੂੰ ਚੰਡੇ
ਮਿਟੀ ਹੋਂਦ ਮੇਰੀ ਕੌਣ ਬਚਾਊ ਇਸ ਨੂੰ ਕੜਕਦੇ ਦੁਪਹਰਿਆਂ ਤੋਂ

✪

## ਜੰਮਣੋਂ ਡਰਦਾ ਹਾਂ

ਹਾਂ ਮੈਂ ਜੰਮਣੋਂ ਡਰਦਾ ਹਾਂ ਕੁੜੀਆਂ
ਮੈਂ ਮੁੰਡੇ ਦੀ ਚਾਹਤ ਰਖਦਾ ਹਾਂ
ਕੋਈ ਦਿਲ ਤੇ ਹੱਥ ਰੱਖ ਕਹੇ
ਕਿ ਮੈਨੂੰ ਮੁੰਡਾ ਨਹੀਂ ਕੁੜੀ ਚਾਹੀਦੀ ਹੈ
ਕੋਈ ਨਹੀਂ ਹੋਵੇਗਾ ਕੋਈ ਨਹੀਂ ਹੋਵੇਗਾ
ਆਹ ਕੁੱਖਾਂ 'ਚ ਮਾਰਨ ਵਾਲੇ
ਗੱਲਾਂ ਕਰਨ ਵਾਲੇ
ਜ਼ਰਾ ਸਾਹਮਣੇ ਆਉਣ
ਦਿਲ ਤੇ ਹੱਥ ਰੱਖ ਕੇ ਕਹਿਣ
ਕਿ ਸਾਨੂੰ ਕੁੜੀ ਚਾਹੀਦੀ ਹੈ ਧੀ ਚਾਹੀਦੀ ਹੈ
ਮੁੰਡਾ ਨਹੀਂ, ਕੋਈ ਨਹੀਂ ਹੋਵੇਗਾ
ਯਕੀਨ ਨਾਲ ਕਹਿ ਸਕਦਾ ਕੋਈ ਨਹੀਂ ਹੋਵੇਗਾ

ਕੁੜੀਆਂ ਨੂੰ ਆਜ਼ਾਦੀ ਦੇਣਾ
ਇਸ ਵਿਰੁੱਧ ਮੇਰਾ ਕੋਈ
ਵਿਰੋਧੀ ਸੁਰ ਨਹੀਂ
ਮੈਂ ਵੀ ਇਹੀ ਚਾਹੁੰਦਾ ਹਾਂ
ਪਰ ਆਹ ਜਿਹੜੇ
ਸਟੇਜ਼ਾਂ ਤੇ ਚੜ੍ਹ ਕੇ
ਸੁਸਾਇਟੀਆਂ ਬਣਾ ਕੇ
ਗੱਲਾਂ ਕਰਦੇ ਨੇ
ਕਦੇ ਸਟੇਜ਼ ਤੋਂ ਉੱਤਰ ਕੇ
ਦੇਖਿਆ ਹੈ ਕਿਸੇ ਕੁੜੀ ਨੂੰ
ਆਪਣੀ ਧੀ ਬਰਾਬਰ
ਆਪਣੀ ਨੂੰਹ ਬਰਾਬਰ
ਪਰ ਮੈਂ ਇਨ੍ਹਾਂ ਨੂੰ ਦੇਖਿਆ ਹੈ
ਇਨ੍ਹਾਂ ਨਾਲ ਵਿਚਰ ਕੇ ਦੇਖਿਆ ਹੈ

ਕਿੱਦਾਂ ਗੱਲਾਂ ਕਰਦੇ ਨੇ
ਸ਼ਰਮਸਾਰ ਹੋ ਜਾਂਦਾ ਹਾਂ
ਪਾਣੀ-ਪਾਣੀ ਹੋ ਜਾਂਦਾ
ਜਦੋਂ ਇਨ੍ਹਾਂ ਦੇ ਮੂੰਹ ਤੋਂ



ਇਹੋ ਜਿਹੇ ਵਾਕ ਸੁਣਦਾ ਹਾਂ
ਕਿਸੇ ਪਰਾਈ ਧੀ ਧਿਆਣੀ ਲਈ
ਦਿਲ 'ਚੋਂ ਹੂਕ ਉਠਦੀ ਹੈ
ਰੂਹ ਵਿਰਲਾਪ ਕਰਦੀ ਹੈ ਮੇਰੀ
ਸੋਚਦਾ ਹਾਂ ਇਹ ਉਹੀ ਰੂਹ ਹੈ
ਜਿਹੜੀ ਮਿੰਟ ਪਹਿਲਾਂ ਧੀਆਂ ਮੁੰਡਿਆਂ ਬਰਾਬਰ
ਢਿੰਡੋਰਾ ਪਿੱਟ ਰਹੀ ਸੀ
ਇਹ ਬਘਿਆੜ ਦੁਨੀਆ ਸਾਹਮਣੇ
ਖਰਗੋਸ ਹੋ ਕੇ ਵਿਚਰਦੇ ਹਨ
ਪਰ ਰਾਤ ਨੂੰ ਇਨ੍ਹਾਂ ਦੇ ਹਰਮ ਵਿਚ
ਕਿਸੇ ਦੀ ਧੀ ਧਿਆਣੀ ਹੁੰਦੀ ਹੈ
ਕਿਹੜੀ ਆਜ਼ਾਦੀ ਦੀ ਗੱਲ ਕਰਦੇ ਨੇ
ਕਿਸ ਮੂੰਹ ਨਾਲ ਕਰਦੇ ਨੇ
ਅੱਗ 'ਚ ਸਾੜਨ ਵਾਲੇ
ਫਾਹੇ ਲਾ ਕੇ ਮਾਰਨ ਵਾਲੇ
ਆਪਣੇ ਵਿਚੋਂ ਹੀ ਲੱਭ ਜਾਣਗੇ
ਕਿਉਂ ਫਿਰ ਢਿੰਡੋਰਾ ਪਿੱਟ ਰਹੇ
ਕਿਉਂ ਉਪਰੋਂ-ਉਪਰੋਂ ਹੋਕਾ ਦਿੰਦੇ ਹਾਂ
ਦਿਲੋਂ ਹੋਕਾ ਦਿਉ
ਆਪਣਾ ਆਪ ਮਜ਼ਬੂਤ ਬਣਾਉ
ਸਾਰੇ ਆਪਣੀ ਸੋਚ ਬਦਲੀਏ
ਇਸ ਨੂੰ ਪੱਛਮੀ ਨਾ ਬਣਾਈਏ
ਇਸ ਨੂੰ ਭਾਰਤੀ ਹੀ ਰਹਿਣ ਦਈਏ
ਆਪਣੇ ਸਮਾਜ ਨੂੰ ਜਗਾਈਏ
ਆਪਣੇ ਆਪ ਨੂੰ ਜਗਾਈਏ
ਸਮਾਜ ਦੀ ਗੰਦਗੀ ਸਾਫ਼ ਕਰੀਏ
ਤਾਂ ਹੀ ਜੋ ਕਹਾਂਗੇ ਉਸ ਤੇ ਪੂਰਾ ਉਤਰੇਗਾ
ਤਾਂ ਹੀ ਕੋਈ ਧੀ ਜੰਮਣੋਂ ਨਹੀਂ ਡਰੇਗਾ।

## ਚੱਲੇ ਠੱਕਾ

ਜਦੋਂ ਤੇਜ਼ ਚੱਲੇ ਠੱਕਾ
ਚੱਲੇ ਹੌਲ਼ੀ-ਹੌਲ਼ੀ ਯੱਕਾ
ਮੁੱਲਾ ਦੀ ਇਕ ਹੀ ਇੱਛਾ
ਜਿਉਂਦੇ ਜੀਅ ਵੇਖ ਲਵੇ ਮੱਕਾ
ਉਦੋਂ ਜੱਟ ਰੋਹ ਨਾਲ ਭਰੇ
ਜਦੋਂ ਕੋਈ ਤੋੜਦਾ ਨੱਕਾ

ਦੁੱਖ ਦਿਲ ਨੂੰ ਉਦੋਂ ਲਗਦਾ
ਪਿੱਠ ਤੇ ਵਾਰ ਕਰੇ ਜੇ ਯਾਰ ਪੱਕਾ

ਪੈਸਾ ਵੀ ਕੀ ਚੀਜ਼ ਹੈ
ਵੈਰੀ ਬਣ ਜਾਏ ਵੀਰ ਹੀ ਸਕਾ

ਉਦੋਂ ਮਾਪੇ ਦੁਖੀ ਹੁੰਦੇ ਨੇ
ਲਾਡਲਾ ਜਦੋਂ ਕਰੇ ਨਾ ਦੂਹਰਾ ਡੱਕਾ

'ਰਵੀ' ਬਚੀਂ ਇੱਥੇ ਠੱਗ ਯਾਰਾਂ ਤੋਂ
ਕੱਢਕੇ ਗੌਂ ਦੇ ਜਾਂਦੇ ਨੇ ਧੱਕਾ

✪



## ਦੁੱਖ ਹੋਇਆ

ਉਸ ਰਾਤ ਬੜਾ ਦੁੱਖ ਹੋਇਆ
ਜਿਸ ਰਾਤ ਤੂੰ ਬੂਹਾ ਢੋਇਆ

ਅੱਗ ਲੱਗੀ ਦਿਲ ਨੂੰ ਬੜੀ
ਤੈਨੂੰ ਕੋਸਿਆ ਮੈਂ ਬੜਾ ਰੋਇਆ

ਰੱਤ ਦੇ ਹੰਝੂ ਨੈਣਾਂ 'ਚੋਂ ਚੋਏ
ਉਸ ਰਾਤ ਨਾ ਮੈਂ ਸੋਇਆ

ਮੁੱਕ ਗਏ ਲੱਗੀ ਨਾ ਵਾਅ ਸਾਡੀ
ਵੇਖ ਸਾਡਾ ਕੀ ਹਸ਼ਰ ਹੋਇਆ

ਯਾਰਾਂ ਜਿੰਦ 'ਚ ਭਰ ਦਿੱਤਾ 'ਰਵੀ'
ਫਿਰ ਮੈਂ ਜ਼ਰਾ ਕੁ ਉੱਠ ਖੜੋਇਆ

✪

## ਵਿਦਰੋਹੀ

ਇੱਕ ਚਿੱਤ ਕਰੇ ਬਣਜਾਂ ਵਿਦਰੋਹੀ
ਢਾਹ ਦਿਆਂ ਕਿਲੇ ਅਮੀਰੀ ਦੇ
ਪਰ ਦੂਜੇ ਚਿੱਤ ਆਵੇ ਉਹਨਾਂ ਦਾ ਖ਼ਿਆਲ
ਜਿਨ੍ਹਾਂ ਨੇ ਮੈਨੂੰ ਇਸ ਦੁਨੀਆਂ ਵਿਚ
ਲਿਆਂਦਾ ਹੈ
ਮੇਰੇ ਵਿਚੋਂ ਬੁਢਾਪੇ ਦਾ ਆਸਰਾ ਤੱਕਿਆ ਹੈ
ਉਹਨਾਂ ਦੀ ਆਸ ਕਿਵੇਂ ਤੋੜਾਂ
ਜਿਸਨੂੰ ਲਿਆ ਹਾਂ ਅਗਨੀ ਦੁਆਲੇ
ਫੇਰੇ ਕਰਾ, ਅਤੇ ਉਸਤੋਂ
ਲਿਆ ਹਾਂ ਉਹਨਾਂ ਛੋਟੀਆਂ ਜਿੰਦਾਂ ਨੂੰ
ਕਿਸ ਤਰ੍ਹਾਂ ਉਹਨਾਂ ਨੂੰ ਝੋਕ ਦਿਆਂ ਇਸ
ਅਗਨ ਸੰਸਾਰ ਵਿੱਚ
ਫਿਰ ਉਹ ਵੀ ਬਣ ਜਾਣਗੇ ਇਸ ਵਹਿਸ਼ੀ
ਸਮਾਜ ਦਾ ਸ਼ਿਕਾਰ
ਇਹ ਪੈਸੇ ਵਾਲੇ ਇਹ ਧਨਾਢ
ਬਹੁਤ ਕੁਝ ਕਰ ਸਕਦੇ ਹਨ
ਇਸ ਪੈਸੇ ਦੇ ਜ਼ੋਰ 'ਤੇ
ਖ਼ਾਸਕਰ ਇਹਨਾਂ ਦੇ ਝੋਲੀ ਚੁੱਕ
ਜਿਹੜੇ ਇਹਨਾਂ ਦੇ ਜੂਠੇ ਟੁੱਕਰਾਂ 'ਤੇ ਪਲਦੇ ਹਨ
ਉਹ ਉਹਨਾਂ ਤੋਂ ਵੀ ਹੁੰਦੇ ਨੇ ਜ਼ਿਆਦਾ ਖ਼ਤਰਨਾਕ
ਜਿਹੜੇ ਬਸ ਸੋਚਦੇ ਨੇ ਉਹ ਮੋੜ ਤੱਕ
ਬਸ ਆਪਣੀ ਹੀ ਕੌਮ ਨੂੰ ਜਾਂਦੇ ਨੇ ਦਬਾਈ

ਇਹ ਧਨਾਢ ਇਹਨਾਂ ਦੇ ਸਿਰ ਤੇ
ਤੁਰੀ ਜਾਂਦੇ ਨੇ ਦਬਾਈ
ਜਿਹੜਾ ਸਿਰ ਚੁੱਕਣ ਦੀ ਕਰਦਾ ਹੈ ਕੋਸ਼ਿਸ਼
ਉਸਦਾ ਸਿਰ ਫੇਹ ਦਿੱਤਾ ਜਾਂਦਾ ਹੈ
ਕਿਸੇ ਜ਼ਹਿਰੀਲੇ ਸੱਪ ਦੀ ਸਿਰੀ ਵਾਂਗੂੰ
ਅਤੇ ਫਿਰ ਉਸਦੀ ਨਿਕਲਦੀ ਨਹੀਂ ਉੱਘ-ਸੁੱਘ
ਜੇ ਨਿਕਲਦੀ ਵੀ ਹੈ ਤਾਂ ਕਿਸੇ ਤੇ ਚੋਰੀ ਤੇ ਕਿਸੇ ਤੇ



ਆਪਣੀ ਧੀ ਭੈਣ ਨੂੰ ਛੇੜਨ ਦਾ ਲਗਾ ਕੇ ਸੰਗੀਨ ਜੁਰਮ
ਬਣਾ ਦਿੱਤਾ ਜਾਂਦਾ ਹੈ ਬਲੀ ਦਾ ਬੱਕਰਾ
ਜਾਂ ਲਾਲ ਪੱਗੜੀਆਂ ਵਾਲਿਆਂ ਦੀਆਂ ਭਰ ਜੇਬਾਂ
ਪਾ ਦਿੱਤਾ ਜਾਂਦਾ ਹੈ ਝੂਠਾ ਕੇਸ ਹਥਿਆਰ ਰੱਖਣ ਦਾ
ਤੇ ਧੱਕ ਦਿੱਤਾ ਜਾਂਦਾ ਹੈ ਸਲਾਖਾਂ ਪਿੱਛੇ

ਆਉ ਮੇਰੇ ਵੀਰੇ
ਇਹ ਕੰਮ ਨਹੀਂ ਇਕੱਲੇ ਦੁਕੱਲੇ ਦਾ
ਕਿੰਨਾ ਚਿਰ ਟੁੱਟੀ ਜਾਵਾਂਗੇ
ਕਾਨਿਆਂ ਵਾਂਗ ਇਕੱਲੇ
ਆਉ ਇਕ ਤੋਂ ਦੋ
ਤੇ ਦੋ ਤੋਂ ਗਿਆਰਾਂ ਬਣੀਏ
ਇਹਨਾਂ ਧਨਾਢਾਂ ਇਹਨਾਂ ਗਠਾਂ
ਨਾਲ ਦੋ ਦੋ ਹੱਥ ਕਰੀਏ
ਆਉਣ ਵਾਲਿਆਂ ਨੂੰ ਇਕ ਨਵਾਂ
ਸਮਾਜ ਦਈਏ ਆਉ ਰਲ ਕੇ
ਆਵਾਜ਼ ਉਠਾਈਏ
ਕੁਰਬਾਨੀ ਕਰ ਇਸ ਸਮਾਜ
ਖਿਲਾਫ਼ ਵਿਦਰੋਹ ਕਰੀਏ
✪

## ਕਹਿਰ

ਅਸੀਂ ਕਰੀਰਾਂ ਨਾਲੋਂ ਭੈੜੇ
ਅਸੀਂ ਰੋਹੀਆਂ ਦੇ ਰੋੜ
ਬਿਨਾਂ ਪਤੀਰੇ ਰੁੱਖ ਜਿਨ੍ਹਾਂ ਦੀ ਜੜੀ ਖਾਧੀ ਸਿਉਂਕ
ਖੜ੍ਹੇ ਇਕੱਲੇ-ਦੁਕੱਲੇ ਜਿਨ੍ਹਾਂ ਦੇ ਗਲ ਕੋਈ ਨਾ ਲੱਗੇ
ਸਾਡੇ ਨਾਲੋਂ ਚੰਗੇ ਜਿਨ੍ਹਾਂ ਦੇ ਲੱਗੇ ਹਰੇ ਹਰੇ ਪੱਤੇ
ਚਾਹੇ ਉਹ ਨੇ ਢੱਕੀਆਂ ਦੇ ਚਮਰੋੜ

ਸਾਡੀ ਨਸ-ਨਸ ਜ਼ਹਿਰ
ਜਿੱਥੋਂ ਲੰਘੀਏ ਅਸੀਂ
ਜਾਏ ਧਰਤ ਸ਼ਰਾਪੀ
ਵੇਖ ਸਾਨੂੰ ਛੱਡ ਜਾਣ ਲੋਕੀ ਆਪਣਾ ਹੀ ਸ਼ਹਿਰ

ਕਰ ਮਹਿਬੂਬ ਸਾਡਾ ਸਾਥੋਂ ਦੂਰ
ਵਰਤਾਇਆ ਕਿਉਂ ਕਹਿਰ
ਅਸੀਂ ਰਹਿ ਗਏ ਪਿਆਸੇ
ਘੁੱਟ ਪਾਣੀ ਦੀ ਨਾ ਦਵੇ
ਸਾਡੇ ਕੋਲੋਂ ਲੰਘੀ ਜਾਵੇ ਇਹ ਨਹਿਰ

ਲੱਗੇ ਅਸੀਂ ਕਿਸੇ ਰਿਸ਼ੀ ਦੇ ਸ਼ਰਾਪੇ
ਨਾ ਮਹਿਬੂਬ ਨੇ ਝੱਲਿਆ
ਨਾ ਝੱਲਿਆ ਸਾਡੇ ਮਾਪੇ
ਦਿਲ ਰੋਵੇ ਰੂਹ ਕੁਰਲਾਵੇ
ਇੰਝੂ ਸਾਡੇ ਮੁੱਕੇ
ਹੁਣ ਲੱਗੇ ਇਹ ਸਾਡੇ ਜਿਵੇਂ ਅੰਤਲਾ ਹੈ ਪਹਿਰ
✪